# ਕੱਚ ਦੀਆਂ ਮੁੰਦਰਾਂ

**ਲੇਖਕ ਦੀਆਂ ਹੋਰ ਰਚਨਾਵਾਂ :**

**ਕਾਵਿ-ਸੰਗ੍ਰਹਿ :**

* ਪੱਥਰ ਦੀ ਅੱਖ (1970)
* ਗੁਲਾਬ ਫ਼ਾਨੂਸ ਤੇ ਬਰਫ਼ (1977)
  (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ)
* ਆਨੰਦਪੁਰ ਬਨਾਮ ਦਿੱਲੀ (1977)
* ਮੋਹ ਮਹਿਲ (1981)
* ਸੰਦਲੀ ਰੁੱਤ (2006)
* ਮਿੱਟੀ ਦੇ ਮੋਰ (2006)
* ਹੱਸਦੇ ਹੱਸਦੇ ਜਾਂਦੇ ਜਾਂਦੇ (2009)
* ਕੇਸਗੜ੍ਹ ਦੇ ਕਿੰਗਰੇ (2011)
* ਚੀਨੇ ਕਬੂਤਰ (2011)
* ਵਿਅੰਗ-ਵਢਾਂਗਾ (2012)

**ਗ਼ਜ਼ਲ-ਸੰਗ੍ਰਹਿ :**

* ਕਾਸ਼ਨੀ ਦੇ ਫੁੱਲ (2003)
  (ਸਰਵ-ਸ੍ਰੇਸ਼ਠ ਪੁਸਤਕ ਪੁਰਸਕਾਰ ਪ੍ਰਾਪਤ)

**ਵਾਰਤਕ :**

* ਰਾਜ ਕਰੇਗਾ ਖਾਲਸਾ
* ਮੇਲ-ਮੁਲਾਕਾਤਾਂ ਤੇ ਮੁਹਾਂਦਰੇ (2009)

**ਛਪਣ ਹਿਤ :**

* ਢਾਈ ਪੱਤ ਮੱਛਲੀ ਦੇ (ਚੋਣਵੀਂ ਕਵਿਤਾ)
* ਪੰਜਾਬ ਦੇ ਮੇਲੇ
* ਕਿੱਸਾ ਪ੍ਰਦੇਸੀ ਰਾਂਝਣ

# ਕੱਚ ਦੀਆਂ ਮੁੰਦਰਾਂ

(ਕਾਵਿ-ਸੰਗ੍ਰਹਿ)

ਸ਼ੇਰ ਸਿੰਘ ਕੰਵਲ

*ਪੇਸ਼ਕਸ਼*

ਰਘਬੀਰ ਰਚਨਾ ਪ੍ਰਕਾਸ਼ਨ

ਸਹਿਯੋਗ : ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ:)

**Kach Dian Mundran**
(Poetry)
by : Sher Singh Kanwal

Title designed by T. Singh

ISBN : 978-81-7914-456-5

Edition : 2012

Price : Rs. 150

© Author

**Published by :**
Tarlochan Publishers
3236, Sector 15-D, Chandigarh
Mob. 98786 03236, 98146 73236
E-mail : tarlochanpublishers@yahoo.co.in

**Branch :** CB-67, DDA Flats, Hari Nagar, New Delhi

---

**ਕੱਚ ਦੀਆਂ ਮੁੰਦਰਾਂ** (ਕਾਵਿ ਸੰਗ੍ਰਹਿ), ਲੇਖਕ : ਸ਼ੇਰ ਸਿੰਘ ਕੰਵਲ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜ਼ਜ, ਦਿੱਲੀ

**ਕੱਚ ਦੇ ਰਿਸ਼ਤਿਆਂ ਦੇ ਨਾਂ**

# ਜੀਵਨ ਬਿਉਰਾ

| | | |
|---|---|---|
| ਨਾਮ | : | ਸ਼ੇਰ ਸਿੰਘ ਕੰਵਲ |
| ਜਨਮ | : | 15 ਦਸੰਬਰ, 1943 |
| ਜਨਮ ਸਥਾਨ | : | ਤਲਵੰਡੀ ਮੱਲ੍ਹੀਆਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੋਗਾ) |
| ਵਿੱਦਿਅਕ ਯੋਗਤਾ | : | ਐਮ.ਏ. |
| ਪਿਤਾ | : | ਸਰਦਾਰ ਚੰਨਣ ਸਿੰਘ ਬਾਸੀ |
| ਮਾਤਾ | : | ਸਰਦਾਰਨੀ ਸ਼ਾਮ ਕੌਰ |
| ਪਤਨੀ | : | ਸਰਦਾਰਨੀ ਸਤਵੰਤ ਕੌਰ |
| ਬੱਚੇ | : | ਹਰਿਸਿਮਰਨ ਕੌਰ (ਬੇਟੀ)<br>ਹਰਿਕੀਰਤ ਸਿੰਘ (ਬੇਟਾ) |

• ਖੇਤੀਬਾੜੀ ਵਿਭਾਗ 'ਚ ਕੰਮ ਕਰਨ ਉਪਰੰਤ ਬੀ.ਐੱਡ. ਕਰਕੇ ਕੁਝ ਸਕੂਲਾਂ 'ਚ ਥੋੜ੍ਹੇ ਅਰਸੇ ਲਈ ਨੌਕਰੀ ਕਰਕੇ ਕੁਝ ਸਮਾਂ ਗੌਰਮਿੰਟ ਕਾਲਜ ਟਾਂਡਾ, ਗੌਰਮਿੰਟ ਕਾਲਜ ਕਰਮਸਰ ਤੇ ਮਗਰੋਂ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਕਾਲਜ ਮੋਗਾ ਹੁੰਦਿਆਂ ਨੌਕਰੀ ਛੱਡ ਕੇ 1980 'ਚ ਅਮਰੀਕਾ ਨਿਵਾਸ।

• 1964 'ਚ ਰੋਜ਼ਾਨਾ 'ਨਵੀਂ ਪ੍ਰਭਾਤ' ਕਲਕੱਤਾ ਦੀ ਸਬ-ਐਡੀਟਰੀ ਨਾਲ ਪੰਜਾਬੀ ਪੱਤਰਕਾਰੀ 'ਚ ਪ੍ਰਵੇਸ਼ ਕਰਕੇ ਦੇਸ਼-ਵਿਦੇਸ਼ 'ਚ ਵਿਚਰਦਿਆਂ ਪੰਜਾਬੀ ਪੱਤਰਾਂ ਲਈ ਨਿਰੰਤਰ ਲਿਖਿਆ ਤੇ 1985 'ਚ ਕੈਲੇਫ਼ੋਰਨੀਆਂ (ਅਮਰੀਕਾ) ਤੋਂ ਪਹਿਲਾ ਸਾਹਿਤਕ ਪੰਜਾਬੀ ਮਾਸਿਕ ਪੱਤਰ 'ਜਾਗੋ' ਪ੍ਰਕਾਸ਼ਿਤ ਕਰਨਾ ਆਰੰਭ ਕੀਤਾ। ਕਵਿਤਾ ਤੋਂ ਬਿਨ੍ਹਾਂ ਸਿੱਖਾਂ ਦੇ ਧਾਰਮਿਕ ਸਿਆਸੀ ਮਸਲਿਆਂ ਅਤੇ ਪੰਜਾਬ ਦੇ ਮੇਲਿਆਂ ਸੰਬੰਧੀ ਸੈਂਕੜੇ ਆਰਟੀਕਲ ਲਿਖੇ।

• 1978 'ਚ 'ਗ਼ੁਲਾਬ, ਫ਼ਾਨੂਸ ਤੇ ਬਰਫ਼' ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਭਾਈ ਵੀਰ ਸਿੰਘ ਪੁਰਸਕਾਰ ਅਤੇ ਅਨੇਕ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਕਈ ਸਨਮਾਨ।

• ਸੰਸਾਰ ਵਿੱਚ ਸਭ ਤੋਂ ਲੰਮੀ ਤੋਰੀ (Longest Zucchini Courgette) ਪੈਦਾ ਕਰਕੇ, ਕਿਸੇ ਖੇਤੀ ਉਪਜ ਲਈ ਪਹਿਲੇ ਸਿੱਖ, ਪੰਜਾਬੀ ਤੇ ਭਾਰਤੀ ਮੂਲ ਦੇ ਵਿਅਕਤੀ ਵਜੋਂ 2002 ਅਤੇ 2003 ਵਿੱਚ ਦੋ ਵੇਰ 'ਗਿਨੀਸ ਵਰਲਡ ਰਿਕਾਰਡ' ਕਾਇਮ ਕੀਤਾ।



# ਤਤਕਰਾ


| | |
|---|---|
| ਮੁਸਾਫ਼ਰ | 9 |
| ਸੱਖਣੀ ਸੱਖਣੀ ਝੋਲ | 11 |
| ਮਿੱਤਰ-ਦੀਵੇ | 13 |
| ਹਵੇਲੀਆਂ 'ਤੇ ਮੋਰ ਕੂਕਦੇ! | 14 |
| ਜੀਅ-ਜੰਤ | 15 |
| ਫ਼ੱਕਰਾ | 16 |
| ਰੁੱਖ ਤੇ ਮਨੁੱਖ | 17 |
| ਭੱਠ ਪਿਆ ਪ੍ਰਦੇਸ | 19 |
| ਕੌਣ ਪੁੱਛੇਗਾ ਤੈਨੂੰ ਓਥੇ ? | 20 |
| ਮੂਧਾ ਭਾਂਡਾ | 27 |
| ਚਿੱਟਾ ਲਹੂ | 28 |
| ਜ਼ਾਤ | 31 |
| ਤਾਰਿਆਂ ਵਾਲਾ ਕੁੜਤਾ | 33 |
| ਫ਼ਿਕਰ | 35 |
| ਵਿਅੰਗਾਤਮਿਕ ਗ਼ਜ਼ਲ | 36 |
| ਬੱਚੇ | 38 |
| ਬੂਹਾ | 42 |
| ਭਾਲਦੀ ਫਿਰਾਂ | 44 |
| ਵੇਖ ਫ਼ਕੀਰਾ! | 45 |
| ਦੋਸਤੀ ਦਾ ਦਰ | 47 |
| ਜਾਂਦੀ ਵੇਰ ਦੇ ਦਰਸ਼ਨ | 49 |
| ਹੁਣ ਜੇ ਸਾਹਿਬ..... | 52 |
| ਕਿੰਞ ਪਾਵਾਂ ਕਿਰਪਾਨ ? | 55 |
| ਨਿੱਕਾ ਮਿਸਤਰੀ | 57 |
| ਗਲ਼ੀ ਵਾਲਾ ਪੈਸਾ | 59 |

| | |
|---|---|
| ਮੀਤ-ਪਿਆਰਿਆ | 61 |
| ਕਾਦਰ-ਕੁਦਰਤ | 62 |
| ਕਲਾਕਾਰ | 64 |
| ਯਾਰ ਪਰਿੰਦਿਓ! | 65 |
| ਸੱਜਰੇ ਸ਼ਗੂਫ਼ੇ | 67 |
| ਗ਼ਜ਼ਲ | 78-79 |
| ਗੀਤ | 80 |
| ਗ਼ਜ਼ਲ | 81 |
| ਵਹੁਟੀ | 82 |
| ਗ਼ਜ਼ਲ | 84 |
| ਜਲੰਧਰ | 85 |
| ਗ਼ਜ਼ਲ | 87 |
| ਘੁੱਗੂ-ਘੋੜੇ | 88 |
| ਰਾਹ | 92 |
| ਛੱਕ-ਛੱਕ | 93 |
| ਗ਼ਜ਼ਲ | 95 |
| ਆਥਣ | 97 |
| ਮੁਹਾਰਾ | 99 |
| ਆਰਾਮ | 101 |



## ਮੁਸਾਫ਼ਰ

ਲੰਘ ਗਿਆ ਸੀ ਰੰਗਾਂ ਦਾ ਦਰਿਆ!
ਲੰਘ ਗਿਆ ਸੀ ਵੰਗਾਂ ਦਾ ਦਰਿਆ!!
ਲੰਘ ਗਿਆ ਸੀ ਅੰਗਾਂ ਦਾ ਦਰਿਆ!!!

ਉਮਰ ਦਾ ਮਾਰੂਥਲ ਆ ਢੁੱਕਾ
ਸਿਰ ਉੱਤੇ ਰੰਗਾਂ ਦੀ ਗਠੜੀ
ਪੈਰਾਂ ਹੇਠ ਫ਼ਿਕਰ ਦਾ ਥਲ।
ਤੁਰਨ ਦੀ ਵੀ ਓਨੀ ਨਾ ਤਾਕਤ
ਥੱਕ ਗਿਆ ਸੀ ਬਹੁਤਾ ਹੀ ਉਹ।
ਜਾਂਦੇ ਜਾਂਦੇ ਇਕ ਰੁੱਖ ਆਇਆ
ਸਿਰ ਤੋਂ ਉਸਨੇ ਗਠੜੀ ਲਾਹੀ
ਰੁੱਖ ਦੀ ਠੰਢੀ ਛਾਵੇਂ ਬੈਠਾ
ਰੁਮਕੇ ਹਵਾ, ਨੀਂਦ ਉਸ ਆਈ।
ਨੀਂਦਰ ਵਿਚ ਇਕ ਸੁਪਨਾ ਆਇਆ
ਅੰਬਰੋਂ ਹੋਏ ਰੰਗਾਂ ਦੀ ਬਾਰਿਸ਼
ਭਿੱਜੀਆਂ ਇੱਤਰਾਂ ਵਿਚ ਹਵਾਵਾਂ
ਚਾਰ-ਚੁਫ਼ੇਰੇ ਪਰੀਆਂ ਪਰੀਆਂ
ਕਰਕੇ ਜੇਰਾ ਨੇੜੇ ਸਰਕੀਆਂ
ਆਣ ਦੁਆਲੇ ਘੱਤਿਆ ਘੇਰਾ।
ਇਕ ਅਹੁਲ ਕੇ ਪੁੱਛਣ ਲੱਗੀ—
ਅੜਿਆ ਵੇ! ਤੂੰ ਕੌਣ ਮੁਸਾਫ਼ਰ ?
ਕਿਹੜੇ ਦੇਸੋਂ ਤੂੰ ਹੈਂ ਆਇਆ ?
ਕੌਣ ਦੇਸ ਤੈਂ ਅੱਗੇ ਜਾਣਾ ?

ਸੁੱਤ-ਉਨੀਂਦਾ ਉਹ ਚੁੰਧਿਆਇਆ
'ਪਤਾ ਨਹੀਂ!' ਉਸ ਮੂੰਹੋਂ ਅਲਾਇਆ।

ਪਰੀਆਂ ਹੱਸ ਠਹਾਕਾ ਲਾਇਆ
ਇਹ ਕਹਿ ਕੋਈ ਮਖ਼ੌਲ ਉਡਾਇਆ—
ਕੇਹਾ ਮੁਸਾਫ਼ਰ ਤੂੰ ਬਣ ਆਇਆ ?
ਜੋ ਨਾ ਜਾਣੇ—ਕਿੱਥੇ ਜਾਣਾ ?
ਜੋ ਨਾ ਜਾਣੇ—ਕਿੱਥੋਂ ਆਇਆ ?

✵



## ਸੱਖਣੀ ਸੱਖਣੀ ਝੋਲ

ਪਾਵਾਂ ਬਾਤ—ਬਤੌਲੀ ਕੁੜੀਏ
ਭਿੱਤ ਪਲਕਾਂ ਦੇ ਖੋਲ੍ਹ।
ਨਾ ਸੁੱਤੀ ਤੇ ਨਾ ਮੈਂ ਕੱਤਿਆ
ਕੁਝ ਨਾ ਮੇਰੇ ਕੋਲ।
ਬੀਬਾ! ਸੱਖਣੀ ਮੇਰੀ ਝੋਲ!!

ਉਮਰਾ ਸਾਰੀ ਝੱਖ ਹੀ ਮਾਰੀ
ਸੱਤਰ ਵਰ੍ਹੇ ਹੰਢਾਏ।
ਕਿੱਧਰ ਜਾਣਾ ? ਥਾਂਓਂ-ਟਿਕਾਣਾ ?
ਹੁਣ ਵੀ ਸਮਝ ਨਾ ਆਏ।

ਦੀਨ-ਦੁਨੀ ਤੋਂ ਜਿੰਦ ਗਵਾਚੀ
ਤੁਲੀ ਕਿਸੇ ਨਾ ਤੋਲ।
ਬੀਬਾ.........................!!

ਵਿੱਝੜ ਗਏ ਨੀਂ ਮੱਘਦੇ-ਮੇਲੇ
ਜੋ ਸਨ ਆਸੇ-ਪਾਸੇ।
ਅੰਬਰਾਂ ਵਿਚ ਜਿੰਦ-ਕੂੰਜ ਕੂਕਦੀ
ਜਾਵੇ ਕਿਹੜੇ ਪਾਸੇ ?

ਤੂੰ ਵੀ ਮੇਰੇ ਨਾਲ ਨਾ ਜਾਣਾ
ਪਵੇ ਗ਼ਮਾਂ ਦੀ ਡੋਲ।
ਬੀਬਾ................!!

ਇਹ ਜੱਗ ਮਿੱਠਾ ਅਗਲ ਨਾ ਡਿੱਠਾ
ਝੂਠੀ ਹੀ ਸੀ ਯਾਰੀ।
ਕਹੀ ਕਬੀਰ - ਨਾਨਕ ਨਾ ਮੰਨੀ
ਸੁਣ ਇਕ, ਦੂਏ ਵਿਸਾਰੀ।

ਜਿੰਦ ਨੂੰ ਆਖਾਂ ਚੁੱਕ ਡੰਗੋਰੀ
ਅੰਨ੍ਹੀਏਂ ਰਸਤਾ ਟੋਲ।
ਬੀਬਾ.................!!

ਮਨ ਮੀਤਾ ਇਹ ਜੱਗ ਸੁਪਨਾ ਹੈ
ਜਿਵੇਂ ਲਹਿਰਦਾ ਟਹਿਣਾ।
ਪੀਂਘ ਟੁੱਟਣ ਦਾ ਪਤਾ ਨਾ ਲਗਦਾ
ਗੁਰ-ਪੀਰਾਂ ਦਾ ਕਹਿਣਾ।

ਕਾਹਤੋਂ ਕੁੜੀਏ ਗੱਲ ਵਧਾਉਣੀ
ਸਮਝੇਂ ਮੇਰੇ ਬੋਲ।
ਬੀਬਾ.....................!!

✵



## ਮਿੱਤਰ-ਦੀਵੇ

ਗੁਰਾਂ ਕਿਹਾ ਹੈ ਮੀਤ ਜੀ।
ਇਹ ਮਾਨਸ-ਜਨਮ ਅਮੁੱਲ।
ਚਉਰਾਸੀ ਲੱਖ ਜੂਨ ਵਿਚ
ਕੋਈ ਨਾ ਇਸਦੇ ਤੁੱਲ।

ਕੋਈ ਮਿੱਤਰ ਦੀਵਾ ਜਾਗਦਾ
ਇਹ ਦੁਨੀਆਂ ਸੁੱਤੀ ਕੁੱਲ।
ਇਹ ਕਾਹਦੇ ਰਿਸ਼ਤੇ ਦੁਨੀ ਦੇ
ਇਹ ਰੂੰਈਂ ਸੰਦੜੇ ਪੁੱਲ।

ਤੂੰ ਤੁਰਨੈਂ ਉਏ ਵਣਜਾਰਿਆ
ਤੇਰੇ ਕਿਹੜੇ ਪੈਣੇ ਮੁੱਲ।
ਤੂੰ ਕੀ ਛੱਡ ਜਾਣੈ ਭੁੱਖਿਆ ?
ਧੀ-ਪੁੱਤ ਝਾੜਨਗੇ ਜੁੱਲ।

ਹੁਣ ਜਾਂਦਾ ਹੀ ਦਰ ਢਹਿ ਪਉ
ਸਭ ਸਾਹਿਬ ਬਖਸ਼ੂ ਭੁੱਲ।
ਜੇ ਪੀਵੇਂ ਨਾਹੀਂ ਨਾਮ-ਰਸ
ਤਾਂ ਨਿਸਚੇ ਸੁਕਸਣ ਬੁੱਲ੍ਹ।

ਤੂੰ ਅਜੇ ਤਾਂ ਜਿਉਂਦਾ-ਜਾਗਦਾ
ਤੇਰੀ ਜਗੇ ਹਯਾਤੀ ਕੁੱਲ।
ਮਿੱਤਰ ਦੀਵੇ ਜਗਦੇ-ਜਾਗਦੇ
ਤੈਨੂੰ ਮੋਢਾ ਦੇਵਣ ਹੁੱਲ।

✵

# ਹਵੇਲੀਆਂ 'ਤੇ ਮੋਰ ਕੂਕਦੇ !

ਏਸ ਜਿੰਦ ਨਹੀਂ ਜਹਾਨ ਉੱਤੇ ਰਹਿਣਾ
ਹਵੇਲੀਆਂ 'ਤੇ ਮੋਰ ਕੂਕਦੇ।
ਮੋਰ ਕੂਕਦੇ—ਚੁਬਾਰਾ ਤੇਰਾ ਢਹਿਣਾ
ਹਵੇਲੀਆਂ 'ਤੇ ਮੋਰ ਕੂਕਦੇ!!

ਕਾਹਤੋਂ ਬੰਦਿਆ ਤੂੰ ਜੱਗ ਨਾ' ਲਗਾਈ ਐ ?
ਏਥੇ ਕੌਣ ਪੁੱਤ ਭਾਈ ਧੀ-ਜੁਆਈ ਐ ?
ਅੰਤ ਦੁਖੜਾ ਵਿਛੋੜੇ ਵਾਲਾ ਸਹਿਣਾ
ਹਵੇਲੀਆਂ 'ਤੇ.........................!!

ਆਪ ਖੜ੍ਹਕੇ ਪੁਆਏ ਜਿਹੜੇ ਬੰਗਲੇ।
ਛੱਡ ਜਾਣੇ ਹਨ ਬੰਦਿਆ ਇਹ ਰੰਗਲੇ।
ਤੈਨੂੰ ਮਿਲਣਾ ਹਵੇਲੀਏਂ ਨਾ ਬਹਿਣਾ
ਹਵੇਲੀਆਂ 'ਤੇ.......................!!

ਜਾਣਾ ਮੁੱਕ ਸਾਰੇ ਹਾਸਿਆਂ-ਦੰਦਾਸਿਆਂ।
ਖੁਰ ਜਾਣਾ ਮਿੱਠੇ ਜੱਗ ਦੇ ਪਤਾਸਿਆਂ।
ਛਮਾ-ਛਮ ਨੀਰ ਅੱਖੀਆਂ 'ਚੋਂ ਵਹਿਣਾ
ਹਵੇਲੀਆਂ 'ਤੇ.........................!!

ਅਜੇ ਵੇਲਾ ਹੈ ਤੂੰ ਵੇਲੇ ਨੂੰ ਵਿਚਾਰ ਲੈ।
ਚੁੱਭੀ ਬਾਣੀ ਵਾਲੇ ਸਰਾਂ ਵਿਚ ਮਾਰ ਲੈ।
ਮੰਨ ਫ਼ੱਕਰਾਂ ਦਾ ਇਹੀਓ ਸੱਚ ਕਹਿਣਾ
ਹਵੇਲੀਆਂ 'ਤੇ........................!!

✵



# ਜੀਅ-ਜੰਤ

ਕੀ ਆਖਾਂ ਮੈਂ ਮਹਿਰਮੇ
ਕੀ ਆਖਾਂ ਸਤਵੰਤ ?
ਇਹ ਜੱਗ ਭੋਗ ਨਾ ਭੋਗਿਆ
ਨਾ ਨਾਮਾ ਮਨ ਮੰਤ।

ਬਣ ਨਾ ਸਕਿਆ ਸਾਧ ਮਨ
ਨਾ ਹੀ ਪੂਰਾ ਕੰਤ।
ਗੁਜ਼ਰੀ ਥਲ ਵਿਚ ਜ਼ਿੰਦਗੀ
ਹਰਨ ਪਿਆਸੇ ਵੰਤ।

ਧਨਵੰਤੇ ਨਾ ਬਣ ਸਕੇ
ਬਣ ਨਾ ਸਕੇ ਪਤਵੰਤ।
ਢੁੱਚਰੀਂ ਢੁਕਦਾ ਜੱਗ ਨਾ
ਪਾਖੰਡ ਨਾ ਭਗਵੰਤ।

ਹੁਣ ਕੁਝ ਸਮਝਾਂ ਆਉਂਦੀਆਂ
ਜਾਂ ਨੇੜੇ ਆਇਆ ਅੰਤ।
ਬਖਸ਼ਿਆ ਉਸਨੇ ਸਮਾਂ ਸੀ
ਹੋ ਨਿੱਬੜੇ ਜੀਅ-ਜੰਤ!

✵

## ਫ਼ੱਕਰਾ

ਫ਼ੱਕਰਾ! ਵੱਡੀ ਹੋ ਗਈ ਆਰਜਾ
ਬੁੱਢੀ ਹੋ ਗਈ ਦੇਹ।
ਰਿਸ਼ਤੇ ਨਿਸ ਦਿਨ ਕਿਰ ਰਹੇ
ਟੁੱਟਦੇ ਜਾਣ ਸਨੇਹ।
ਹੁਣ ਤੂੰ ਓਥੇ ਆ ਗਿਆ—
ਕਿਸੇ ਨਾ ਕੋਈ ਗਮੇਹ।
ਚੰਗੂੰ ਤੂੰ ਹੈਂ ਜਾਣਦਾ
ਇਹ ਤਨ ਹੋਣਾ ਖੇਹ।
ਫਿਰ ਵੀ ਝੱਲਿਆ ਜਗਤ ਨਾਲ
ਤੋੜੇਂ ਨਹੀਂ ਪਰੀਤ।
ਦੁਨੀਆਂ-ਰੀਤ 'ਚ ਉਲਝਿਆ
ਗਾਏਂ ਨਾ ਪ੍ਰਭ ਕੇ ਗੀਤ!!

✵



## ਰੁੱਖ ਤੇ ਮਨੁੱਖ

ਇਕ ਦਿਨ 'ਕੱਠੇ ਹੋ ਗਏ
ਇਕ ਰੁੱਖ ਅਤੇ ਮਨੁੱਖ।

ਘਟਦੀ ਉਮਰ ਸੀ ਜਿਨ੍ਹਾਂ ਦੀ
ਬਿੰਦ ਬਿੰਦ ਤੇ ਚੁੱਖ ਚੁੱਖ।

ਦਿਲ ਦੋਹਾਂ ਦੇ ਤਾਂਘਦੇ
ਲੱਗੀ ਦਿਲੀਂ ਕੋਈ ਭੁੱਖ।

ਗੱਲੀਂ-ਬਾਤੀਂ ਪੈ ਗਏ
ਦੋਵੇਂ ਰੁੱਖ-ਮਨੁੱਖ।

ਰੁੱਖ ਮਨੁੱਖ ਨੂੰ ਪੁੱਛਿਆ—
ਖ਼ੈਰ-ਸਾਂਦ ਸਭ ਸੁੱਖ ?

ਭਰਿਆ-ਪੀਤਾ ਰੋ ਪਿਆ
ਧਾਹੀਂ ਮਾਰ ਮਨੁੱਖ।

ਕਾਹਦੀ ਯਾਰਾ ਸੁੱਖ ਹੈ ?
ਏਥੇ ਦੁੱਖ ਹੀ ਦੁੱਖ।

ਗਿੱਲੇ-ਗੋਹੇ ਵਾਂਗ ਮੈਂ
ਹਾਂ ਮਰਦਾ ਧੁੱਖ ਧੁੱਖ।

ਰੁੱਖ ਕਿਹਾ—ਹੇ ਮੀਤ ਜੀ
ਮੈਂ ਵਸਦਾਂ ਸਦ ਸੁੱਖ।

ਮੀਂਹ ਆਵੇ ਸੁਖ-ਛਹਿਬਰਾਂ
ਧੁੱਪ ਆਵੇ ਨਾ ਦੁੱਖ।

ਦੁੱਖ ਸੁਖ ਸਮ ਕਰ ਜਾਣੀਏਂ
ਚਾਹੀਏ ਸਗਵੀਂ ਭੁੱਖ।

ਕੁਦਰਤ ਤੇ ਕਿਰਪਾਲ ਦੇ
ਸਦ ਰਹੀਏ ਸਨਮੁੱਖ।

ਹੱਸ ਪਿਆ ਵੱਡਾ ਰਹੱਸ ਪਾ
ਰੋਂਦਾ ਪਿਆ ਮਨੁੱਖ!

✡



## ਭੱਠ ਪਿਆ ਪ੍ਰਦੇਸ

ਐਸਾ ਭੱਠ ਪਏ ਪ੍ਰਦੇਸ
ਮੋਢੇ ਭੂਰੀ ਨਾ ਕੋਈ ਖੇਸ।
ਮੇਰਾ ਬੁੱਤ ਵਸਦਾ ਪ੍ਰਦੇਸ
ਮੇਰਾ ਦਿਲ ਵਸਦਾ ਹੈ ਦੇਸ।

ਜਿਥੋਂ ਦੇ ਢੋਲਕੀਆਂ ਤੇ ਛੈਣੇ
ਜਿਹਨਾਂ ਨੇ ਦਿਲ ਸਾਡੇ ਲੁੱਟ ਲੈਣੇ।
ਆਸਾ ਦੀ ਵਾਰ ਦੀ ਵਗਦੀ ਬਾਣੀ
ਜਿਉਂ ਕੋਈ ਅੰਮ੍ਰਿਤ ਵਰਗਾ ਪਾਣੀ।
ਜਿਥੋਂ ਦੇ ਗੁੰਬਦ ਅਤੇ ਜੈਕਾਰੇ
ਜਿਥੋਂ ਦੇ ਲੰਗਰ ਮਿੱਠੇ ਪਿਆਰੇ।
ਜਿਥੋਂ ਦੇ ਮੰਗਣੇ ਵਿਆਹ ਤੇ ਠਾਕੇ
ਜਿਥੋਂ ਦੇ ਠੇਕੇ ਠਾਣੇ ਨਾਕੇ।
ਨਿੱਕੀਆਂ ਨਿੱਕੀਆਂ ਜਿਹੀਆਂ ਲੜਾਈਆਂ
ਦਿਓਰਾਂ ਕੇਸ ਪੱਟਣ ਭਰਜਾਈਆਂ।
ਫਿਰ ਵੀ ਹੋਵਣ ਮੰਨ-ਮਨਾਈਆਂ
ਖੁੱਲ੍ਹੀਆਂ ਮਾਫ਼ੀਆਂ ਭੁੱਲ-ਬਖ਼ਸ਼ਾਈਆਂ।
ਹੁਣ ਮੈਂ ਹਾਰ ਗਿਆਂ ਲੱਭ ਲੱਭਦਾ
ਮੈਨੂੰ ਉਹ ਨਾ ਕਿਤੇ।ਥਿਆਈਆਂ
ਮੇਰੇ ਮੁੜਕੇ ਹੱਥ ਨਾ ਆਈਆਂ।

ਮਨ ਬਣਿਆ ਤਾਂਗੇ ਦਾ ਘੋੜਾ
ਐਨਕ ਦੇ ਵਿਚ ਨੈਣ ਉਦਾਸੇ।
ਅੱਡਿਓਂ ਘਰ, ਘਰੋਂ ਅੱਡੇ ਵੱਲ
ਦਿਸੇ ਕੁਝ ਨਾ ਆਸੇ-ਪਾਸੇ।

ਬੰਦਿਆ! ਤੈਨੂੰ ਜਾਂਦੇ ਜਾਂਦੇ
ਕੰਮ ਦੀ ਪੁੱਛਣ ਜੇ ਮਿੱਤਰ ਪਿਆਰੇ।
ਆਖੀਂ ਸਦਾ ਰਹੇ ਸੰਤੋਖੀ
ਬੰਦਾ ਤ੍ਰਿਸ਼ਨਾ ਮਨੋਂ ਵਿਸਾਰੇ!

## ਕੌਣ ਪੁੱਛੇਗਾ ਤੈਨੂੰ ਓਥੇ ?

ਬਾਈ ਜੀ! ਝੱਲਿਆ!!
ਮੈਨੂੰ ਪਤਾ ਹੈ
ਤੇਰਾ ਦਿਲ ਕਰਦਾ ਹੈ
ਪਿੱਛੇ ਪਿੰਡ ਮੁੜਨ ਨੂੰ।
ਦੇਸ ਪਰਤਣ ਨੂੰ
ਕਿਸੇ ਸਮੁੰਦਰੀ ਛੱਲ ਵਾਂਗ
ਆਪਣੇ ਕਿਨਾਰੇ ਨਾਲ ਜੁੜਨ ਨੂੰ।

ਪਰ
ਜੇ ਤੂੰ ਹੁਣ ਚਲਿਆ ਵੀ ਗਿਆ
ਕੌਣ ਪੁੱਛੇਗਾ ਤੈਨੂੰ ਓਥੇ
ਪ੍ਰਦੇਸੀ ਪੰਛੀ ਨੂੰ ?

ਆਏ-ਗਏ ਦਸਦੇ ਹਨ
ਓਥੇ ਪਹਿਲਾ ਤਾਂ ਹੁਣ
ਕੁਝ ਵੀ ਨਹੀਂ ਬਚਿਆ।
ਉਹ ਟੋਭੇ-ਟਿੱਬੇ
ਉਹ ਘਰ-ਮਕਾਨ
ਰੁੱਖ ਤੇ ਮਨੁੱਖ
ਕੁਝ ਵੀ ਨਹੀਂ ਰਿਹਾ
ਸਭ ਕੁਝ ਹੀ ਬਦਲ ਗਿਆ ਹੈ।

ਤੇ ਫਿਰ—
ਜੇ ਤੂੰ ਜਾਵੇਂਗਾ ਕਮਲਿਆ
ਕਿਸ ਕਿਸ ਢੱਠੇ ਬੂਹੇ ਤੇ
ਦਸਤਕ ਦੇਵੇਂਗਾ ?
ਕਿਸ ਕਿਸ ਯਾਦ ਦੀ ਕਬਰ ਤੇ
ਦੀਵਾ ਧਰੇਂਗਾ ?



ਕਿਸ ਕਿਸ ਮਰ ਗਈ ਖੁਸ਼ੀ ਦਾ
ਮਾਤਮ ਕਰੇਂਗਾ ?
ਤੇ ਕਿਸ ਕਿਸ ਟੁੱਟ ਗਏ ਸੁਪਨੇ ਦਾ
ਰੁਦਨ ਕਰੇਂਗਾ ?

ਓਥੇ ਤਾਂ ਕਹਿੰਦੇ—
ਹੁਣ ਮੁਹਾਣ ਹੀ ਬਦਲ ਗਏ ਹਨ।
ਦਸਦੇ ਹਨ—
ਹੁਣ ਚੌਂਕੜੀਆਂ-ਖੁੰਢ
ਚੁਰਾਹਿਆਂ 'ਚ ਨਹੀਂ ਹੱਸਦੇ
ਭਰੱਪਾ ਪਲੋ-ਪਲ ਰੋਜ਼ ਮਰਦਾ
ਤੇ ਦਫ਼ਨ ਹੁੰਦਾ ਹੈ।
ਗਲਵੱਕੜੀਆਂ ਪਾਉਣ ਵਾਲੀਆਂ ਬਾਹਵਾਂ
ਭੱਜ-ਟੁੱਟ ਗਈਆਂ ਹਨ
ਨਫ਼ਰਤ ਦੀ ਛੁਰੀ ਨੇ
ਪਿੰਡ ਸ਼ਹਿਰ ਕੱਟ-ਵੱਢ ਸੁੱਟੇ ਹਨ
ਰਿਸ਼ਤਿਆਂ ਨੂੰ
ਈਰਖਾ ਦੀ ਅੱਗ ਪੈ ਗਈ ਹੈ
ਉਹ ਵਿਚਾਰੇ ਦਮ ਤੋੜ ਚੱਲੇ ਹਨ
ਹਰ ਗਲੀ-ਮੁਹੱਲੇ ਵਿਚ
ਕਲਹ ਨੱਚਦੀ ਹੈ
ਹੋਏ ਹਰ ਕਤਲ ਦਾ ਜਸ਼ਨ ਹੁੰਦਾ ਹੈ।

ਕਹਿੰਦੇ—
ਐਹੋ ਜਿਹਾ ਚੰਦਰਾ ਮੌਸਮ ਹੈ ਓਥੇ
ਸਾਂਭ ਲੱਜਾ ਤੇ ਹਮਦਰਦੀ
ਵਿਚਾਰੀਆਂ ਅੰਦਰੀਂ ਵੜ ਗਈਆਂ ਹਨ।
ਤੇ ਉਹ ਕੁਆਰੀਆਂ ਅੱਖਾਂ
ਜੋ ਪਰਾਇਆ ਵੇਖਦੇ ਮੁੰਦੀਆਂ ਜਾਂਦੀਆਂ ਸਨ
ਸਟੇਜਾਂ ਤੇ ਚੜ੍ਹ ਗਈਆਂ ਹਨ।

ਦਸਦੇ ਓਥੇ ਹੁਣ
ਲੀਡਰੀ ਦਾ ਤੇ ਡਰੱਗ ਦਾ ਹੀ ਬੋਲਬਾਲਾ ਹੈ
ਤੇ ਜਵਾਨੀ ਧੌਲ਼ਿਆਂ ਦੇ ਮੂੰਹ ਤੇ ਥੁੱਕਦੀ ਹੈ।
ਪਿੰਡਾਂ 'ਚੋਂ ਤੀਆਂ ਤੇ ਧੀਆਂ
ਗ਼ਾਇਬ ਹੋ ਰਹੀਆਂ ਹਨ
ਤੇਹ ਤਾਂ ਦਸਦੇ ਓਥੋਂ
ਖੰਭ ਲਾ ਕੇ ਉੱਡ ਗਿਆ ਹੈ
ਤੇ ਦੁਸ਼ਮਣੀ ਦੁਨਾਲੀਆਂ ਚੁੱਕੀ ਫਿਰਦੀ ਹੈ।
ਬੇਹਯਾ ਚਾਲੂ ਜਵਾਨੀ
ਹੋਟਲਾਂ 'ਚ ਚਾਹ ਵਾਂਗ ਵਿਕਦੀ ਹੈ
ਤੇ ਬਿਫ਼ਰੀ ਬਦਮਾਸ਼ੀ ਸ਼ਰ੍ਹੇਆਮ ਬੁੱਕਦੀ ਹੈ।

ਬਾਈ ਜੀ! ਕੀ ਪੁੱਛਦੇ ਹੋ ?
ਤੁਸੀਂ ਤਾਂ ਕਦੋਂ ਦੇ ਆਏ
ਇਥੋਂ ਦੇ ਹੀ ਹੋ ਠਹਿਰੇ ਹੋ।
ਓਥੇ ਤਾਂ ਅੱਜ ਕੱਲ੍ਹ
ਲੱਖਾਂ-ਕਰੋੜਾਂ ਦੇ ਹਿਸਾਬ ਨਾਲ
ਜ਼ਮੀਨ ਵਿਕਦੀ ਹੈ ਅਸਮਾਨ ਵਿਕਦਾ ਹੈ।
ਪਰ ਕਤਲ ਪੰਜ ਸੌ 'ਚ ਈ ਹੋ ਜਾਂਦੈ
ਤੇ ਬੋਲੀ ਨਾਲ ਦਿਨ-ਦਿਹਾੜੇ
ਇਨਸਾਨ ਤੇ ਉਸਦਾ ਈਮਾਨ ਵਿਕਦਾ ਹੈ।

ਫਿਰ ਵੀ
ਚਿੱਤ ਚਾਹੁੰਦਾ ਹੈ ਤਾਂ
ਚਲੇ ਚੱਲੋ ਮਿੱਤਰ ਜੀਓ
ਥੋੜ੍ਹੀ ਜਿਹੀ ਧੂਮ-ਧੁਆਂਖਿਆ ਜਿਹੀ ਹੋਵੇਗੀ
ਬਚੇ-ਖੁਚੇ ਮਿੱਤਰ ਰਿਸ਼ਤੇਦਾਰ ਵੀ ਮਿਲ ਪੈਣਗੇ।
ਦੋ ਚਾਰ ਦਿਨ
ਰੌਣਕ-ਮੇਲਾ ਰੰਗ-ਹੰਗਾਮਾ ਵੀ ਹੋਵੇਗਾ



ਜੋ ਵੀ ਆਵੇਗਾ
ਅੱਖਾਂ ਵਿਚ ਪ੍ਰਸ਼ਨ-ਚਿੰਨ੍ਹ ਵਾਂਗ ਝਾਕੇਗਾ
ਫਿਰ ਇਕ ਵੇਰ ਕੈਮਰੇ ਵਾਂਗ
ਅੱਖਾਂ ਚਮਕਾ ਕੇ ਚੁੱਪ ਹੋ ਜਾਵੇਗਾ।

ਪਰ ਯਾਦ ਰੱਖਿਓ
ਜਦੋਂ ਤੁਸੀਂ ਦੇਸ ਜਾਵੋਗੇ
ਤਾਂ ਤੁਹਾਡੀ ਕੀਮਤ
ਤੁਹਾਡੇ ਨਾਲ ਗਏ
ਢਾਈ ਅਟੈਚੀਆਂ ਤੋਂ ਭੋਰਾ ਘੱਟ ਹੀ ਹੋਵੇਗੀ।

ਤੁਸੀਂ ਇਥੋਂ
ਆਪਣੇ ਜਾਣੇ ਬੜਾ ਕੁਝ
ਭਰਾਵਾਂ ਭਰਜਾਈਆਂ, ਭੈਣਾਂ-ਭਣੋਈਆਂ
ਭਤੀਜੇ-ਭਤੀਜੀਆਂ
ਤੇ ਹੋਰ ਰਿਸ਼ਤੇਦਾਰਾਂ ਮਿੱਤਰਾਂ
ਲਈ ਲੈ ਕੇ ਜਾਵੋਗੇ
ਚਾਈਂ ਚਾਈਂ ਵਰਤਾਵੋਗੇ।
ਪਰ ਜਦੋਂ ਵਰਤਾ ਕੇ ਹਟੋਗੇ
ਤਾਂ ਤੁਹਾਡੇ ਤਸਕੀਨ ਦੇ ਪਾਣੀ
ਇਕ ਵੇਰ ਤਾਂ ਪੂਰੀ ਤਰ੍ਹਾਂ ਭਰਨਗੇ।
ਤੇ ਵਿਹੰਦਿਆਂ ਹੀ ਵਿਹੰਦਿਆਂ
ਫਿਰ ਝਰਨ ਝਰਨ ਕਰਕੇ ਝਰਨਗੇ।
ਤੇ ਤੁਸੀਂ ਇਸ ਹੋਏ ਘਾਣ ਕਿਨਾਰੇ ਬੈਠੇ
ਉਲਾਂਭਿਆਂ ਨਿਹੋਰਿਆਂ ਦੀ ਵਾਛੜ ਨੂੰ ਜਰੋਗੇ।
ਤੇ ਆਪਣੇ ਪਿੱਛੇ ਪਰਤਣ ਦੇ ਫ਼ੈਸਲੇ ਤੇ
ਫਿਰ ਕੁਝ ਗ਼ੌਰ ਫ਼ਰਮਾਓਗੇ
ਦਿਲ ਹੀ ਦਿਲ 'ਚ ਅਫ਼ਸੋਸ ਕਰੋਗੇ
ਤੇ ਇਕ ਠੰਢੀ ਆਹ ਭਰੋਗੇ।

ਨਾਲੇ ਬਾਈ ਜੀ! ਇਕ ਗੱਲ ਹੋਰ
ਜਿਹੜੇ ਜ਼ਮੀਨ ਦੇ ਟੁਕੜੇ 'ਤੇ
ਬਾਪੂ ਨਾਲ ਵਾਢੀਆਂ-ਗੋਡੀਆਂ ਕੀਤੀਆਂ ਸਨ
ਉਸਦਾ ਕਿੱਧਰਲਾ ਹਿੱਸਾ ਤੁਹਾਨੂੰ
ਕਿੰਨਾ ਤੇ ਕਿਵੇਂ ਮਿਲ ਸਕਦਾ ਹੈ ?
ਤੁਹਾਨੂੰ ਵੱਡੇ ਪੜ੍ਹਿਆਂ-ਲਿਖਿਆਂ
ਤੇ ਆਪਣੇ ਜਾਣੇ ਜੱਗ-ਘੁੰਮਿਆਂ ਨੂੰ
ਭੋਰਾ ਪਤਾ ਨਹੀਂ।
ਆਪਣੇ ਪਿੰਡ ਹੁਣ ਪਟਵਾਰੀ ਕੌਣ ਹੈ ?
ਉਸਦਾ ਕੀ ਕੀ ਭਾਅ ਹੈ ?
ਉਸਦੀ ਨਬਜ਼ ਕਿਵੇਂ ਫੜੀ ਜਾਂਦੀ ਹੈ ?
ਤੁਹਾਨੂੰ ਤਾਂ ਇਸਦਾ ਵੀ ਇਲਮ ਨਹੀਂ।

ਪੰਜਾਬ ਦੇ ਜ਼ਿਲ੍ਹੇ
ਤੁਹਾਡੇ ਮਗਰੋਂ ਕਿੰਨੀ ਵੇਰੀਂ ਬਦਲੇ ਹਨ
ਹੁਣ ਆਪਣੇ ਪਿੰਡ ਦਾ ਠਾਣਾ ਕਿਹੜਾ ਹੈ ?
ਤੁਸਾਂ ਵੱਡੇ ਗੂੜ੍ਹ-ਗਿਆਨੀਆਂ ਨੇ ਤਾਂ
ਇਸ ਨਿੱਕੀ ਖ਼ਬਰ ਦੀ ਸਾਰ ਵੀ ਨਹੀਂ ਰੱਖੀ।
ਤੇ ਓਥੇ ਕਹਿੰਦੇ
ਜਿਹੜੇ ਬਾਹਰ ਗਿਆਂ ਦੇ
ਚਾਰ ਸਿਆੜ ਹਿੱਸੇ ਆਉਂਦੇ ਹਨ
ਤੇ ਜਿਹਨਾਂ ਨੇ ਬਾਹਰਲੇ
ਸਾਰੇ ਪਾਪੜ ਵੇਲ ਕੇ
ਸੌ ਸਿੜ੍ਹੀ-ਸਿਆਪੇ ਤੇ ਦੁੱਖ-ਸੰਤਾਪ ਝੱਲ ਕੇ
ਪਿੱਛੇ ਚਾਰ ਇੱਟਾਂ ਲਾਈਆਂ ਹਨ
ਉਹਨਾਂ ਨੂੰ ਤਾਂ ਛਵੀਆਂ-ਗੰਡਾਸੇ
ਭੈਣ-ਭਰਾਵਾਂ ਨਾਲੋਂ ਵੀ
ਵੱਧ ਤਾਂਘ ਨਾਲ ਉਡੀਕਦੇ ਹਨ।



ਬਾਈ ਜੀ! ਓਥੋਂ ਵਾਲਿਆਂ ਦੀ ਬੋਲੀ 'ਚ
ਆਪਾਂ ਬਾਹਰਲਿਆਂ ਨੂੰ ਤਾਂ ਇਹ ਵੀ ਪਤਾ ਨਹੀਂ
ਕਿ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਹਨ ?

ਯਾਦ ਰੱਖਿਓ—
ਪਿੰਡ ਦਾ ਸਰਪੰਚ ਤੇ ਨੰਬਰਦਾਰ
ਬਾਹਰਲੀ ਦਾਰੂ ਤਾਂ ਹੱਸ ਹੱਸ ਤੁਹਾਥੋਂ ਪੀਣਗੇ
ਤੇ ਭੁਗਤਣਗੇ ਦੂਜੇ ਵੱਲ।
ਤੁਹਾਨੂੰ ਈਮਾਨਦਾਰ ਮੁਲਕਾਂ ਦੀ ਜੀਵਨ-ਸ਼ੈਲੀ 'ਚ ਢਲਿਆਂ
ਗਿੱਬਿਆਂ ਈਮਾਨਦਾਰਾਂ ਨੂੰ ਤਾਂ
ਮੁੱਠੀ ਗਰਮ ਕਰਨ ਦਾ ਗੁਰ ਵੀ ਯਾਦ ਨਹੀਂ ਰਿਹਾ
ਤੇ ਓਥੇ ਬਾਬੂਆਂ ਦੀਆਂ ਟ੍ਰੇਆਂ 'ਚ
ਛਾਪਲ ਕੇ ਬੈਠੇ ਕਾਗਜ਼
ਤੁਹਾਡੇ ਆਖੇ ਸੁਆਹ ਤੁਰਨਗੇ ?

ਤੇ ਪਿੰਡ ਨੂੰ ਪਤਾ ਹੈ
ਕਿ ਤੁਸਾਂ ਤਾਂ ਪੰਚਾਇਤ ਦੀ ਚੋਣ ਵੇਲੇ ਵੀ
ਆਕੇ ਵੋਟ ਨਹੀਂ ਪਾਉਣੀ
ਤੇ ਸੌ ਹਬ੍ਹੀ-ਨ੍ਹਬੀ
ਜੋ ਨੱਬੇ ਫੀ ਸਦੀ ਓਥੇ ਤੁਹਾਨੂੰ ਉਡੀਕਦੀ ਹੈ
ਉਸ ਦੇ ਵਾਪਰਨ 'ਤੇ
ਪਿੰਡ 'ਚ ਕੌਣ ਸੁੱਚਾ ਸਿੰਘ ਸੂਰਮਾ
ਤੁਹਾਡੇ ਸ਼ਰੀਕੇ ਦੇ ਖਿਲਾਫ਼
ਤੁਹਾਡੇ ਨਾਲ ਖੜ੍ਹੇਗਾ ?
ਚਲੋ, ਗੁਰੂ ਦੀ ਕ੍ਰਿਪਾ ਨਾਲ ਬਚ ਵੀ ਗਏ
ਸੱਟ-ਫੇਟ ਨਾ ਵੀ ਵੱਜੀ
ਮਹੀਨਾ-ਖੰਡ ਅੰਦਰ ਹੋ ਗਏ
ਤਾਂ ਤੁਹਾਡੇ ਰਿਕਾਰਡ, ਵੀਜ਼ੇ
ਤੇ ਪਿੱਛੇ।ਬੱਝਵੀਂ-ਛੁੱਟੀ ਦਾ
ਕਿਸ਼ਤਾਂ-ਬਿਲਾਂ ਦਾ, ਫੈਮਿਲੀ-ਬੱਚਿਆਂ ਦਾ
ਕੀ ਬਣੇਗਾ ?

ਖ਼ੈਰ-ਬਾਈ!
ਨਾ ਇਹ ਕੋਈ ਉਪਦੇਸ਼ ਹੈ
ਨਾ ਨਸੀਹਤ ਨਾ ਡਰਾਵਾ
ਇਹ ਜ਼ਿੰਦਗੀ ਦਾ ਸੱਚ ਹੈ
ਜੁ ਤੈਨੂੰ ਦੱਸਿਆ ਹੈ
ਜੇ ਅਜੇ ਵੀ
ਤੇਰਾ ਦੇਸ ਜਾਣ ਨੂੰ ਜੀ ਕਰਦਾ ਹੈ
ਤੇ ਪਿੰਡ ਮੁੜਨ ਲਈ ਮਨ ਭਰਦਾ ਹੈ
ਤਾਂ ਚਲਾ ਜਾਹ! ਜੀ ਸਦਕੇ ਜਾਹ!!
ਪਰ ਕੌਣ ਪੁੱਛੇਗਾ ਤੈਨੂੰ ਓਥੇ
ਪ੍ਰਦੇਸੀ ਪੰਛੀ ਨੂੰ ?

ਮਨਾ ਪ੍ਰਦੇਸੀਆ!
ਭੋਲਿਆ ਪੰਛੀਆ!!
ਮੇਰੀ ਤਾਂ ਤੈਨੂੰ ਇਕੋ ਸਲਾਹ ਹੈ
ਗੁਟਕੂੰ ਗੁਟਕੂੰ ਕਰਦਾ
ਆਪਣੀ ਚੁਣੀ ਸ਼ਾਖ ਤੇ ਬਹਿ।
ਉਸਦੀ ਰਜ਼ਾ 'ਚ ਰਹਿ
ਤੇ ਵਾਹਿਗੁਰੂ ਵਾਹਿਗੁਰੂ ਕਹਿ!!
ਕਿਉਂਕਿ ਹੁਣ ਤੂੰ ਜੇ ਚਲਿਆ ਵੀ ਗਿਆ
ਤਾਂ ਕੌਣ ਪੁੱਛੇਗਾ ਤੈਨੂੰ ਓਥੇ
ਭੋਲੇ ਪ੍ਰਦੇਸੀ ਪੰਛੀ ਨੂੰ!!!

✵



## ਮੂਧਾ ਭਾਂਡਾ

ਉਹ ਜਦੋਂ ਪਿੰਡ ਸੀ—
ਸਵੇਰੇ ਘਰੋਂ ਨਿਕਲਦਾ ਤਾਂ
ਮੂਹਰਿਓਂ ਆਉਂਦੀ ਅੰਮਾ ਹਰੋ ਨੂੰ ਮੱਥਾ ਟੇਕਦਾ
ਭਰਜਾਈ ਤੇਜੋ ਨੂੰ ਟਿਚਕਰ ਕਰਦਾ
ਸਕੂਲ ਜਾਂਦੇ ਚੰਨੀ ਤੇ ਪ੍ਰੀਤੋ ਨਾਲ ਮੁਸਕਾਨ ਮਿਲਾਉਂਦਾ
ਵੀਹੀਓਂ ਨਿਕਲਦਿਆਂ
ਥੜ੍ਹੀ ਤੇ ਬੈਠਾ ਹਾਮਾ ਅਮਲੀ
ਜਦੋਂ ਥੁੱਕ ਦੀ ਪਿਚਕਾਰੀ ਨਾਲ
ਉਸਨੂੰ 'ਬਾਈ ਸਿਆਂ' ਕਹਿੰਦਾ
ਤਾਂ ਉਸਦੀ ਰੂਹ ਭਿੱਜ ਜਾਂਦੀ।
ਉਸਨੂੰ ਲਗਦਾ
ਲਗਦਾ ਕੀ ਇਕ ਅਹਿਸਾਸ ਤੇ ਧਰਵਾਸ ਹੁੰਦਾ
ਕਿ ਸਾਰਾ ਪਿੰਡ ਹੀ ਉਸਦਾ ਪ੍ਰਵਾਰ ਹੈ
ਉਸਦੇ ਅੰਗ-ਸੰਗ ਹੈ
ਤੇ ਉਸਦੇ ਨਾਲ ਹੈ।

ਪਰ ਜਦੋਂ ਉਹ ਬਾਹਰ ਆਇਆ
ਉਸਨੇ ਘਰ ਕਾਰਾਂ ਤੇ ਹੋਰ ਸਭੇ ਸਮਾਨ ਵਿਹਾਝ ਲਏ
ਪਰ ਜਦੋਂ ਸਵੇਰੇ ਉਹ ਗਰਾਜ 'ਚੋਂ ਕਾਰ ਕੱਢਦਾ
ਤਾਂ ਸੜਕ ਕਿਸੇ ਬਾਂਝ ਔਰਤ ਵਾਂਗ ਖਾਲੀ ਤੇ ਸੁੰਨੀ ਸੁੰਨੀ ਹੁੰਦੀ।
ਨਾ ਅੰਮਾ ਹਰੋ
ਨਾ ਭਾਬੀ ਤੇਜੋ
ਨਾ ਚੰਨੀ ਤੇ ਪ੍ਰੀਤੋ
ਤੇ ਨਾ ਹੀ ਪਿਆਰਾ ਯਾਰ ਹਾਮਾ।

ਸ਼ਹਿਰ ਸੁੰਦਰ ਸੀ, ਸੜਕਾਂ ਵੀ ਸੁੰਦਰ
ਆਸੇ ਪਾਸੇ ਘਰ ਵੀ ਮਹੱਲ-ਨੁਮਾ ਸੁੰਦਰ
ਸਾਰਾ ਹੀ ਕੁਝ ਸੀ।
ਪਰ ਵਿਚ ਤਾਂ ਕੁਝ ਵੀ ਨਹੀਂ ਸੀ
ਮਾਂਜ ਸੰਵਾਰ ਕੇ ਮੂਧੇ ਮਾਰੇ
ਕਿਸੇ ਖਾਲੀ ਭਾਂਡੇ ਦੇ ਵਾਂਗ!

## ਚਿੱਟਾ ਲਹੂ

ਉਹ—
ਦਿਨ ਭਰ ਸੂਰਜ ਵਤ ਤਪਦਾ
ਹਫ਼ਦਾ ਖਪਦਾ ਸ਼ਹਿਰ ਹੁੰਘਾਲ ਕੇ ਪਰਤਦਾ
ਤਾਂ ਗਲੀ ਵਿਚ ਅੱਗ ਮਚਦੀ ਹੁੰਦੀ।

ਤੁਸੀਂ ਸਿਆਣੇ ਹੋ
ਮਚਦੀ ਅੱਗ ਵਿਚੋਂ ਦੀ ਲੰਘਣਾ
ਔਖਾ ਹੁੰਦਾ ਹੈ।

ਤੇ ਪ੍ਰਦੇਸੀਆਂ ਦੇ ਘਰ ਨਹੀਂ ਹੁੰਦੇ!
ਜੇ ਹੋਣ ਵੀ ਤਾਂ ਉਹ
ਅੱਗ ਦੇ ਆਹਲਣੇ ਹੁੰਦੇ ਹਨ।
ਅੱਗ ਵਿਚ ਲੂਸੇ ਪਰਾਂ ਵਾਲੇ ਪੰਛੀ ਹੀ
ਇਹਨਾਂ ਦੇ ਦਰਦਾਂ ਨੂੰ ਜਾਣ ਸਕਦੇ ਹਨ।
ਪਿੰਡ ਵਾਲਾ ਲਾਣਾ
ਇਹਨਾਂ ਦਰਦਾਂ ਨੂੰ
ਕਦੇ ਵੀ ਸਮਝ ਨਹੀਂ ਸਕਦਾ।

ਪਰ ਘਰ
ਸੜਕ ਨਾਲੋਂ ਤਾਂ ਠੰਡਾ ਹੁੰਦਾ ਹੈ ਨਾ।
ਮਨੁੱਖਾਂ, ਪੰਛੀਆਂ, ਜਾਨਵਰਾਂ ਸਭਨਾਂ ਲਈ
ਇਕ ਆਰਾਮਗਾਹ!!

ਖ਼ੈਰ—
ਉਹ ਆਪਣੀ ਆਰਾਮਗਾਹ ਵਿਚ ਆ ਕੇ
ਸ਼ਾਮੀਂ ਮੁਸਕਰਾਉਂਦਾ ਰੋਂਦਾ ਤੇ ਸੌਂਦਾ
ਇਹਨਾਂ ਕਿਰਿਆਵਾਂ ਵਿਚ ਰਾਤ ਬੀਤ ਜਾਂਦੀ।
ਤੜਕਸਾਰ ਰੋਜ਼ੀ ਦਾ ਚੱਕਰ



ਉਸਨੂੰ ਘੜਿਆਲ ਵਾਂਗ ਜਗਾਉਂਦਾ
ਤੇ ਉਹ ਆਪਣੇ ਆਪ ਨੂੰ ਨਾਂਹ-ਨੁੱਕਰ ਕਰਦਾ ਵੀ
ਨੌਕਰੀ-ਰੋਜ਼ੀ ਟੁੱਟਣ-ਖੁੱਸਣ ਦੇ ਡਰ ਤੋਂ ਡਰਦਾ
ਲੇਪਾ-ਪੋਚੀ ਜਿਹੀ ਕਰਕੇ
ਕੰਮ ਤੇ ਚਲਿਆ ਜਾਂਦਾ।

ਸਵੇਰੇ ਘਰੋਂ ਕੰਮ ਤੇ।ਗਿਆ ਮਨੁੱਖ
ਦਿਨ 'ਚ ਵੀਹ ਚੀਜ਼ਾਂ ਵੇਖਦਾ ਹੈ
ਚਾਲੀ ਚੀਜ਼ਾਂ ਨਾਲ ਦੋ ਚਾਰ ਹੁੰਦਾ ਹੈ
ਤੇ ਇਸ ਆਧਾਰ ਤੇ ਸਿਆਣੇ ਆਖਦੇ ਹਨ—
ਮਨੁੱਖ ਪਲੋ ਪਲ ਬਦਲਦਾ ਹੈ।

ਜਦੋਂ ਉਹ ਸ਼ਾਮੀਂ ਘਰ ਪਰਤਦਾ
ਉਸਨੂੰ ਅਹਿਸਾਸ ਤਕ ਨਾ ਹੁੰਦਾ
ਕਿ ਉਹ ਆਪ ਵੀ ਕੁਝ ਕੁਝ ਬਦਲਿਆ ਹੈ।

ਉਸਨੂੰ ਅਜਿਹੇ ਗੰਭੀਰ ਮਸਲਿਆਂ ਬਾਰੇ
ਸੋਚਣ ਦੀ ਕਦੇ ਵਿਹਲ ਹੀ ਨਾ ਮਿਲੀ ਸੀ।
ਖ਼ੈਰ-ਜ਼ਿੰਦਗੀ ਦੇ ਇਹ ਮਾਮਲੇ-ਮਸਲੇ
ਆਮ ਆਦਮੀਆਂ ਗਿਆਨੀਆਂ ਵਿਗਿਆਨੀਆਂ
ਸਭਨਾਂ ਦੇ ਸਾਂਝੇ ਹਨ।

ਇਕ ਦਿਨ ਛੁੱਟੀ ਸੀ
ਕੋਈ ਝੰਜਟ ਨਾ ਸੀ
ਮਨੁੱਖ ਦੇ ਬਦਲਣ ਦੀ ਗੱਲ
ਕਿੰਨੇ ਵਰ੍ਹਿਆਂ ਤੋਂ ਉਸਦੇ ਮਨ 'ਚ ਪਲਦੀ ਸੀ
ਤੁਰਦਾ ਸੋਚਦਾ ਉਹ ਇਕ ਖ਼ੂਹ ਤੇ ਪਹੁੰਚਾ
ਤੇ ਖ਼ੂਹ 'ਚ ਝਾਕ ਕੇ ਉਸਨੇ ਆਵਾਜ਼ ਦਿੱਤੀ—

ਖ਼ੂਹਾ! ਖ਼ੂਹਾ!!
ਦੋਸਤ ਰਿਸ਼ਤੇਦਾਰ ਕਹਿੰਦੇ ਹਨ—
ਮੈਂ ਬਦਲ ਗਿਆ ਹਾਂ! ਮੇਰਾ ਲਹੂ ਚਿੱਟਾ ਹੋ ਗਿਆ ਹੈ!!
ਤੂੰ ਹੀ ਦੱਸ—
ਕੀ ਮੇਰਾ ਲਹੂ ਚਿੱਟਾ ਹੋ ਗਿਆ ਹੈ ?
ਫਿਰ ਉੱਤਰ ਸੁਣਨ ਲਈ ਉਸਦੇ ਕੰਨ ਤਾਂਘੇ
ਤਾਂ ਖ਼ੂਹ ਤੇ ਉਸਦੀ ਆਵਾਜ਼ ਦੇ
ਆਦਾਨ-ਪ੍ਰਦਾਨ ਵਿਚ ਹੀ
'ਕੀ ਮੇਰਾ ਲਹੂ' ਤਾਂ ਕੱਟਿਆ ਗਿਆ
ਖ਼ੂਹ 'ਚੋਂ ਮੁੜੀ ਇਹ ਆਵਾਜ਼ ਹੀ
ਉਸਦੇ ਕੰਨਾਂ 'ਚ ਪਈ—
'ਚਿੱਟਾ ਹੋ ਗਿਆ ਹੈ।'

✵



## ਜ਼ਾਤ

ਲੰਬੇ ਅਰਸੇ ਤੋਂ ਵਿਦੇਸ਼ ਵਿਚ ਸੀ ਉਹ।
ਜਿਥੇ ਦਿਨ ਤਾਂ ਕੀ ਸ਼ਾਮਾਂ ਵੀ
ਆਮ ਕਰਕੇ ਖਾਲੀ ਨਹੀਂ ਹੁੰਦੀਆਂ।
ਤੇ ਵੀਕ-ਇੰਡ ਸਮਾਗਮਾਂ ਵਿਚ ਹੀ
ਵੰਡੇ ਜਾਂਦੇ ਹਨ।

ਕਿੰਨੇ ਹੀ ਵਰ੍ਹਿਆਂ ਬਾਅਦ
ਇਹ ਕੇਹਾ ਸੋਹਣਾ ਵੀਕ-ਇੰਡ ਆਇਆ ਸੀ
ਨਾ ਕਿਸੇ ਦਾ ਕੋਈ ਸਮਾਗਮ ਸੀ
ਨਾ ਹੀ ਉਸਦੇ ਚਹੇਤੇ ਦੋਸਤ ਨੇ ਉਸਨੂੰ
ਸ਼ਾਮੀਂ ਘਰ ਹੀ ਬੁਲਾਇਆ ਸੀ।

ਬਹੁਤ ਖ਼ੁਸ਼ ਸੀ ਸੁਰੈਣਾ
ਇਸ ਲਈ ਉਸਨੇ ਇਕ ਲੋਹੜਵਾਂ ਜਿਹਾ
ਦਿਨ ਢਲਦੇ ਹੀ ਲਾਇਆ ਸੀ।
"ਦੱਸੋ ਜੀ ਅੱਜ ਕੀ ਬਣਾਵਾਂ ?"
ਜੀਤੋ ਨੇ ਸੁਰੈਣੇ ਨੂੰ ਪ੍ਰਸ਼ਨ ਪਾਇਆ ਸੀ।
"ਜਿਹੜਾ ਤੇਰਾ ਚਿੱਤ ਕਰਦੈ, ਬਣਾ ਲੈ।"
ਖ਼ੁਸ਼ੀ 'ਚ ਝੂਮਦੇ ਜਿਹੇ
ਸੁਰੈਣੇ ਨੇ ਫਿਰ ਫ਼ਰਮਾਇਆ ਸੀ।
ਜੀਤੋ ਜਦ ਸੁਣਕੇ ਰਸੋਈ ਵਿਚ ਜਾ ਵੜੀ
ਤਾਂ ਸੁਰੈਣੇ ਨੇ
ਇਸ ਅਸਥ-ਵਿਵਸਥਾ ਦਾ ਫ਼ਾਇਦਾ ਉਠਾਉਂਦੇ
ਇਕ ਚੰਗਾ ਭਾਰਾ ਹੋਰ ਪੈੱਗ ਬਣਾਇਆ
ਤੇ ਗਟ ਗਟ ਕਰਕੇ ਅੰਦਰ ਲੰਘਾਇਆ ਸੀ।

ਜੀਤੋ ਰੋਟੀ ਪਕਾਉਂਦੀ ਸੀ।
ਰੱਜਿਆ ਸ਼ਰਾਬ ਦਾ ਸੁਰੈਣਾ
ਬਰਾਮਦੇ ਵਿਚ ਨਿਕਲ ਗਿਆ
ਉਸਨੇ ਕੁਰਸੀਆਂ 'ਚੋਂ ਇਕ ਕੁਰਸੀ ਚੁੱਕੀ
ਤੇ ਲਾਅਨ ਵਿਚ ਜਾ ਡਾਹੀ।

ਰਾਤ ਬਹੁਤ ਸੁੰਦਰ ਸੀ
ਅਸਮਾਨ ਵਿਚ ਤਾਰੇ ਡਲ੍ਹਕ ਰਹੇ ਸਨ।
ਉਸਨੇ ਚੱਪਲਾਂ ਲਾਹ ਕੇ
ਸੁਖਿਆਂਦੇ ਘਾਹ 'ਤੇ ਪੈਰ ਧਰੇ
ਤੇ ਗਰਦਨ ਪਿੱਛੇ ਬਾਹਾਂ ਦੀ ਕਰਿੰਘੜੀ ਪਾ ਕੇ
ਉੱਪਰ ਤਾਰਿਆਂ ਵੱਲ ਵੇਖਣ ਲੱਗਾ।

ਤਾਹੀਓਂ ਖ਼ਬਰ—
ਡੂੰਘੀ ਰਾਤ ਵਿਚ ਕੋਈ ਕੁੱਤਾ ਭੌਂਕਿਆ
ਸੁਰੈਣਾ ਚੌਂਕਿਆ ਤੇ ਉਸਨੂੰ ਲੱਗਾ
ਜਿਵੇਂ ਉਹ ਆਪਣੇ ਪਿੰਡ
ਆਪਣੇ ਘਰ ਦੀ ਛੱਤ 'ਤੇ ਪਿਆ ਹੋਵੇ।
ਤੇ ਅਚਾਨਕ ਅੱਧੀ ਰਾਤ ਨੂੰ
ਚਨਾਰ ਪੱਤੀਓਂ ਕਿਸੇ ਦਾ ਕੋਈ ਕੁੱਤਾ
ਭੌਂਕ ਉੱਠਿਆ ਹੋਵੇ।

ਅੱਜ ਪ੍ਰਦੇਸ ਦੀ ਰਾਤ ਵਿਚ
ਕੋਈ ਕੁੱਤਾ ਭੌਂਕਿਆ ਸੀ।
ਤੇ ਸੁਰੈਣੇ ਨੂੰ ਇਹ ਕੁੱਤਾ
ਆਪਣੇ ਹੀ ਪਿੰਡ ਦਾ
ਚਨਾਰ ਪੱਤੀ ਦਾ
ਕੁੱਤਾ ਹੀ ਲੱਗਿਆ ਸੀ
ਤੇ ਉਸਨੂੰ ਮਹਿਸੂਸ ਹੋਇਆ ਸੀ
ਜਿਵੇਂ ਸਾਰੇ ਸੰਸਾਰ ਦੇ ਕੁੱਤਿਆਂ ਦੀ
ਇੱਕੋ ਹੀ ਜ਼ਾਤ ਹੋਵੇ!



## ਤਾਰਿਆਂ ਵਾਲਾ ਕੁੜਤਾ

ਉਸਨੂੰ ਤਾਰਿਆਂ ਵਾਲਾ ਕੁੜਤਾ
ਪਾਉਣ ਦਾ ਸ਼ੌਕ ਸੀ।
ਉਹ ਜ਼ਿੰਦਗੀ ਭਰ ਤਾਂਘਦਾ ਰਿਹਾ
ਪਰ ਉਸਨੂੰ ਇਹ ਜੁੜ ਹੀ ਨਾ ਸਕਿਆ।
ਤੇ ਇਹ ਹੋ ਹੀ ਨਾ ਸਕਿਆ
ਉਹ ਤਾਰਿਆਂ ਵਾਲਾ ਕੁੜਤਾ ਪਾ ਹੀ ਨਾ ਸਕਿਆ।

ਕੁੜਤੇ ਤਾਂ ਸ਼ਹਿਰ ਵਿਚ ਚੜ੍ਹਦੇ ਤੋਂ ਚੜ੍ਹਦੇ ਮਿਲਦੇ ਸਨ
ਪਰ ਉਸਦੇ ਚੰਦਰੇ ਮਨ ਦੀ ਤਹਿ ਵਿਚ
ਕੋਈ ਸਪਨੀ ਵਰਗੀ ਚਾਹ ਵਸੀ ਸੀ
ਕਿ ਉਹ ਤਾਰਿਆਂ ਵਾਲਾ ਕੁੜਤਾ ਹੀ ਪਾਵੇ।
ਇਹ ਉਸਨੂੰ ਕਿੰਨਾ ਚੰਗਾ ਲੱਗੇਗਾ!
ਉਸ ਨੂੰ ਕਿੰਨਾ ਸਜੇਗਾ!!
ਉਹ ਸੋਚਦਾ।

ਪਰ ਜ਼ਿੰਦਗੀ ਵਿਚ ਬਹੁਤ ਕੁਝ ਹੁੰਦਾ ਗਿਆ।
ਮਨ-ਚਾਹਿਆ ਵੀ ਬਹੁਤ ਕੁਝ ਹੁੰਦਾ ਰਿਹਾ।
ਪਰ ਸਿਰਫ਼ ਇਕ ਇਹ ਹੀ ਨਾ ਹੋ ਸਕਿਆ
ਕਿ ਉਹ ਤਾਰਿਆਂ ਵਾਲਾ ਕੁੜਤਾ ਨਾ ਪਾ ਸਕਿਆ।

ਤਾਰਿਆਂ ਵਾਲੇ ਕੁੜਤੇ ਲਈ ਉਹ
ਉਮਰ ਭਰ ਝੁਰਦਾ ਰਿਹਾ।
ਹਵਾ ਵਿਚ ਬੱਦਲ ਵਾਂਗ
ਤੇ ਮੀਂਹ ਵਿਚ ਕੱਚੇ ਕੋਠੇ ਵਾਂਗ ਖੁਰਦਾ ਰਿਹਾ।

ਪਰ ਏਨਾ ਉਦਾਸ ਵੀ ਨਾ ਸੀ ਉਹ
ਉਹ ਹੱਸਦਾ-ਹੰਭਲਦਾ
ਕਿ ਗੱਲ ਏਨੀ ਤਾਂ ਹੱਥੋਂ ਨਹੀਂ ਚਲੀ ਗਈ

ਉਹ ਏਨਾ ਵੀ ਤਾਂ ਗਿਆ ਗੁਜ਼ਰਿਆ ਨਹੀਂ
ਕਿ ਕੋਈ ਗੱਲ ਹੋ ਨਾ ਸਕੇ।
ਜੇ ਕਿਵੇਂ ਵੀ ਨਾ ਹੋ ਸਕਿਆ
ਤਾਂ ਉਹ ਤਾਰਿਆਂ ਵਾਲਾ ਕੁੜਤਾ ਆਪੂੰ ਸੰਵਾ ਲਵੇਗਾ।
ਚਾਅ ਨਾਲ ਪਾ ਲਵੇਗਾ! ਹੰਢਾ ਲਵੇਗਾ!!
ਭਾਵੇਂ ਚਾਰ ਪਲ ਹੀ ਹੰਢਾਵੇ ਦਿਲ ਭਰਕੇ ਹੰਢਾ ਲਵੇਗਾ!!!

ਪਰ ਪਾਉਣ-ਹੰਢਾਉਣ ਦੀਆਂ ਗੱਲਾਂ
ਇਸ ਜੱਗ 'ਤੇ ਕਿਸਨੇ ਹੰਢਾਈਆਂ ਹਨ ?
ਅੰਦਰੋਂ ਉਸਨੂੰ ਇਹ ਪਤਾ ਸੀ।

ਪਰ ਉਸਦਾ ਮੂਰਖ ਮਨ ਫਿਰ ਵੀ
ਉਸਨੂੰ ਤਾਰਿਆਂ ਵਾਲਾ ਕੁੜਤਾ ਪਹਿਨਣ ਲਈ ਕਹਿੰਦਾ।
ਤੇ ਉਹ ਤਾਰਿਆਂ ਵਾਲੇ ਕੁੜਤੇ ਲਈ
ਅੰਦਰੋਂ-ਅੰਦਰ ਝੁਰਦਾ ਰਹਿੰਦਾ।

ਉਹ ਜ਼ਿੰਦਗੀ ਭਰ ਜੂਝਿਆ
ਪਰ ਉਸ ਨੂੰ ਤਾਰਿਆਂ ਵਾਲਾ ਕੁੜਤਾ ਨਾ ਜੁੜਿਆ
ਸਮਾਂ ਆਣ ਢੁੱਕਾ
ਤੇ ਉਹ ਮੌਤ ਵਾਲਾ ਕੂਹਣੀ-ਮੋੜ ਮੁੜਿਆ।

ਉਮਰ ਦੀ ਡੋਰ ਟੁੱਟਦੀ ਪਈ ਸੀ
ਉਸਦੇ ਦਿਲੋਂ ਹੂਕ ਨਿਕਲੀ—
'ਤਾਰਿਆਂ ਵਾਲਾ ਕੁੜਤਾ'
ਉਸਦੇ ਮੂੰਹ 'ਚੋਂ ਆਖਰੀ ਚੀਕ ਨਿਕਲੀ—
'ਤਾਰਿਆਂ ਵਾਲਾ ਕੁੜਤਾ'
ਤੇ ਭੌਰ ਵਜੂਦੋਂ ਉਡਾਰੀ ਮਾਰ ਗਿਆ।

✵



## ਫ਼ਿਕਰ

ਪਾਪਾ!
ਕਿਉਂ ਬੁਸ ਬੁਸ ਕਰਦੇ ਰਹਿੰਦੇ ਹੋ ?
ਤੇ ਕਹਿੰਦੇ ਹੋ
ਕਿ ਜੇ ਮੈਂ ਮਰ ਗਿਆ
ਤਾਂ ਤੁਹਾਡਾ ਕੀ ਹੋਵੇਗਾ ?

ਪਾਪਾ!
ਕਿਉਂ ਸਾਡਾ ਏਨਾ ਫ਼ਿਕਰ ਕਰਦੇ ਹੋਂ
ਕਿਉਂ ਨਿਸ ਦਿਨ ਲੂਣ ਵਾਂਗ ਖਰਦੇ ਹੋਂ
ਕਿ ਮੈਂ ਚਲਾ ਗਿਆ ਤਾਂ ਤੁਹਾਡਾ ਕੀ ਬਣੇਗਾ ?

ਪਾਪਾ!
ਇਸ ਨਾਲ ਕੀ ਫ਼ਰਕ ਪੈਂਦਾ ਹੈ
ਕਿ ਤੁਸੀਂ ਜਿਉਂਦੇ ਹੋ
ਜਾਂ ਮਰਦੇ ਹੋ।
ਕਿੰਨੀ ਵੱਡੀ ਇੰਸ਼ੋਰੈਂਸ ਹੈ ਤੁਹਾਡੀ
ਇਸਨੂੰ ਕਿਉਂ ਵਿਸਰਦੇ ਹੋ ?

ਪਾਪਾ!
ਕਿਉਂ ਬੁਸ ਬੁਸ ਕਰਦੇ ਹੋ ?
ਕਿਉਂ ਸਾਡਾ ਫ਼ਿਕਰ ਕਰਦੇ ਹੋ ?

✵

# ਵਿਅੰਗਾਤਮਿਕ ਗ਼ਜ਼ਲ

ਧੀਰਜ ਧਰ ਤੂੰ ਐਵੇਂ ਨਾ ਘਬਰਾਇਆ ਕਰ।
'ਸਤਿਗੁਰ ਸਤਿਗੁਰ' ਕਰਕੇ ਵਕਤ ਲੰਘਾਇਆ ਕਰ।

ਪਾਪੜ ਵੇਲ ਕੇ ਮੁੰਡਿਆਂ ਬਾਹਰ ਮੰਗਾਇਆ ਹੈਂ
ਲਾਇਆ ਕਰ ਦਿਲ ਐਵੇਂ ਨਾ ਤੂੰ ਢਾਇਆ ਕਰ।

ਭੁੱਲ ਜਾਹ ਪਿੰਡ ਨੂੰ! ਪੁੰਨੀਂ ਸੁਰਗੀਂ ਆ ਡਿੱਗੈਂ
ਗੱਲ ਗੱਲ ਉੱਤੇ ਪਿੰਡ ਦੀ ਰਟ ਨਾ ਲਾਇਆ ਕਰ।

ਖ਼ਬਰੇ ਤੇਰੇ ਵਰਗਾ ਦੁਖੀਆ ਟੱਕਰ ਪਵੇ
ਲੱਭ ਬਹਾਨਾ ਤੂੰ ਪਾਰਕ ਨੂੰ ਜਾਇਆ ਕਰ।

ਦੁੱਖ ਹੌਲ਼ੇ ਹੋ ਜਾਂਦੇ ਗੱਲ-ਕੱਥ ਕਰਦਿਆਂ ਦੇ
ਨੂੰਹ ਪੁੱਤ ਕਰਨ ਜੋ, ਸੁਣਿਆ ਅਤੇ ਸੁਣਾਇਆ ਕਰ।

ਕੋਈ ਪਤਾ ਨਹੀਂ ਰੱਬ ਜੀ ਕਿਸ 'ਚੋਂ ਬਹੁੜ ਪਵੇ
ਮੇਮ ਕੋਲ ਦੀ ਲੰਘੇ ਤਾਂ ਮੁਸਕਾਇਆ ਕਰ।

ਪੁੱਤ ਦਬਕੇ, ਨੂੰਹ ਘੂਰੇ, ਪਤਨੀ ਉਜਰ ਕਰੇ
ਹਲਕੇ ਇਕ ਦੋ ਫੰਘ ਮਾਰ ਦੜ ਜਾਇਆ ਕਰ।

ਪੋਤਾ ਪੋਤੀ ਦਾਹੜੀ, ਮੁੱਛਾਂ ਪੁੱਟਣ ਜੇ
ਇਹ ਪੁੱਟਣ ਲਈ ਲੱਗੀਆਂ, ਮਨ ਸਮਝਾਇਆ ਕਰ।

ਵਿਗੜੇ ਬੱਚੇ ਏਥੇ ਦੰਦ ਚਿੜਾਉਂਦੇ ਹਨ
ਘੋਗਲ-ਕੰਨਾ ਬਣਕੇ ਡੰਗ ਟਪਾਇਆ ਕਰ।

ਹਰ ਹਫ਼ਤੇ ਨੂੰਹ-ਪੁੱਤ ਨੂੰ ਲੋਕਾਂ ਸੱਦਣਾ ਹੈ
ਘਰ ਦੀ ਰਾਖੀ ਕਰਦਾ ਅੱਖ ਨਾ ਲਾਇਆ ਕਰ।

ਭੁੱਲ-ਭੁਲੇਖੇ ਲੈ ਜਾਵਣ ਜੇ ਨਾਲ ਕਦੇ
ਵਿਚ ਪਾਰਟੀ ਮੌਜੂ ਨਾ ਬਣ ਜਾਇਆ ਕਰ।

ਅੜਦੀ ਜਦੋਂ ਗਰਾਰੀ ਵਿਚ ਅੰਗਰੇਜ਼ੀ ਦੇ
ਆਏ-ਗਏ ਤੋਂ ਮਿੱਟੀ ਨਾ ਪਟਵਾਇਆ ਕਰ।

ਮੇਜ਼ 'ਤੇ ਸਭ ਨਾਲ ਖਾਈਏ ਨਾਲ ਸਲੀਕੇ ਦੇ
ਕੰਮ 'ਤੇ ਜਾਣ ਕਮਲ਼ਿਆ, ਮੋਛੇ ਪਾਇਆ ਕਰ।

ਬੰਨ੍ਹਿਆ ਨਹੀਂ! ਸਭ ਗੋਹਾ-ਕੂੜਾ ਕਰਨਾ ਹੈ
ਕਰਨਾ ਪਏ ਤਾਂ ਤਰ ਤੇ ਨੂਣ ਘਸਾਇਆ ਕਰ।

ਤੇਰੇ ਦਿਨ ਸਨ ਹੋਰ ਤੇ ਹੋਰ ਨੇ ਇਹਨਾਂ ਦੇ
ਗੱਲ ਗੱਲ 'ਤੇ ਨਾ ਝੱਲਿਆ ਪੰਗਾ ਪਾਇਆ ਕਰ।

ਵੀਕ-ਇੰਡ 'ਤੇ ਨੂੰਹ-ਪੁੱਤ ਜਾਣ ਸਟੋਰ ਜਦੋਂ
ਪਿਛਲੀ ਸੀਟ 'ਤੇ ਦੁੰਬ ਦੁਬਾ ਬਹਿ ਜਾਇਆ ਕਰ।

ਉਂਞ ਤਾਂ ਬੜਾ ਤਜਰਬੈ ਤੈਨੂੰ ਜ਼ਿੰਦਗੀ ਦਾ
ਕੋਈ ਮਿਲੇ ਤਾਂ ਰੋਂਦਾ ਵੀ ਮੁਸਕਾਇਆ ਕਰ।

ਇਹ ਹੰਝੂ ਤਾਂ ਮੀਂਹ ਦੇ ਵਾਂਗ ਨਿਆਮਤ ਹਨ
ਜਣੇ-ਖਣੇ ਲਈ ਐਵੇਂ ਨਾ ਬਰਸਾਇਆ ਕਰ।

ਬਹੁਤਾ ਦਿਲ ਘਬਰਾਵੇ ਮਨ ਜੇ ਠੱਲੇ ਨਾ
ਟੇਪ ਪਾਠ ਦੀ ਉੱਚੀ ਨਾਲ ਵਜਾਇਆ ਕਰ।

ਢਲੀ ਉਮਰ ਵਿਚ ਹੋਰ ਕੋਈ ਕੰਮ ਆਉਂਦਾ ਨਹੀਂ
ਡਹਿ ਡਹਿ ਮੱਥਾ ਘਰ ਵਾਲੀ ਨਾਲ ਲਾਇਆ ਕਰ।

ਮਰਨ 'ਚ ਭਾਵੇਂ ਸਾਲ-ਖੰਡ ਅਜੇ ਬਾਕੀ ਹੈ
ਪਹਿਲੋਂ ਸਿੱਖ ਲੈ! ਜਿਉਂਦਾ ਹੀ ਮਰ ਜਾਇਆ ਕਰ!!

# ਬੱਚੇ

ਬਹੁਤ ਦੇਰ ਹੋ ਗਈ ਸੀ ਮਿਲਿਆਂ
ਚਿੱਤ ਕੀਤਾ ਮਿੱਤਰ ਨੂੰ ਫ਼ੋਨ ਕਰਾਂ।
ਫ਼ੋਨ ਮਿੱਤਰ ਨੇ ਹੀ ਚੁੱਕਿਆ।
ਕੌਣ ਬੋਲਦੈ ?– ਉਸ ਪੁੱਛਿਆ।
ਮੈਂ ਬੋਲਦਾਂ! ਮੈਂ ਕਿਹਾ।

'ਹੱਛਾ! ਹੱਛਾ!! ਸੁਣਾ ਕੀ ਹਾਲ ਐ ?
ਉਹ ਬੋਲ ਪਛਾਣਦਿਆਂ ਹੀ ਬੋਲਿਆ
'ਠੀਕ-ਠਾਕ ਐ'
ਮਹੈਣ ? ਉਸ ਪੁੱਛਿਆ।
'ਸਭ ਠੀਕ ਐ। ਐਧਰ ਸੁਣਾ
ਸਿਹਤ ਕਿਵੇਂ ਐ ?'
'ਠੀਕ ਐ, ਜਿਹੋ ਜੀਹ ਹੈ'–ਉਹ ਬੋਲਿਆ।
'ਭਰਜਾਈ ਕਿਵੇਂ ਐ ?' ਮੈਂ ਪੁੱਛਿਆ।

'ਆਹ ਬੈਠੀ ਐ ਕੋਲ ਈ
ਪੋਤੇ-ਪੋਤੀ ਨੂੰ ਖਿਡਾਉਂਦੀ।'
ਬੱਚਿਆਂ ਦਾ ਰੌਲ਼ਾ ਮੈਨੂੰ
ਟੈਲੀਫ਼ੋਨ 'ਚੋਂ ਸਾਫ਼ ਸੁਣ ਰਿਹਾ ਸੀ।

'ਬੀਬੋ ਦਾ ਕੀ ਹਾਲ ਐ ?' ਮੈਂ ਕਿਹਾ।
'ਬੀਬੋ ਆਵਦੇ ਘਰੇ ਠੀਕ-ਠਾਕ ਐ।
ਮਹੀਨੇ ਪੰਦਰੀਂ ਦਿਨੀਂ
ਜਦੋਂ ਛੁੱਟੀ ਹੋਵੇ
ਉਹ ਤੇ ਪ੍ਰਾਹੁਣਾ
ਆਣ ਕੇ ਮਿਲ ਜਾਂਦੇ ਐ।
ਪਿਛਲੇ ਮਹੀਨੇ ਆਏ ਸੀ ਦੋਵੇਂ
ਦੋ ਛੁੱਟੀਆਂ ਲੈ ਕੇ।
ਮੇਰੀਆਂ ਐਨਕਾਂ ਲਗਵਾ ਗੇ।'

'ਨਿਗਾਹ ਜ਼ਿਆਦਾ ਘਟ ਗੀ ?' ਮੈਂ ਪੁੱਛਿਆ।

'ਤਿੰਨ ਵੇਰੀ ਮੇਰੀਆਂ ਐਨਕਾਂ ਬਦਲਾਈਆਂ
ਦੋ ਵੇਰ ਇਹਦੀਆਂ।
ਨਿਗਾਹ ਹੁਣ ਘਟਣੀ ਈ ਐ
ਹੋਰ ਉੱਤੇ ਨੂੰ ਜਾਣੀ ਐ ?' ਝੰਡਾ ਸਿੰਘ ਬੋਲਿਆ।

ਝੰਡਾ, ਮੇਰਾ ਪੇਂਡੂ
ਪ੍ਰਾਇਮਰੀ ਸਕੂਲ ਦਾ ਮੇਰਾ ਆੜੀ ਸੀ
ਬੇਟੀ ਦੇ ਬਜ਼ਰੀਏ
ਉਹ ਕੈਨੇਡਾ ਆ ਗਿਆ ਸੀ
ਲਗਪਗ ਪੰਜਾਹ ਵਰ੍ਹਿਆਂ ਮਗਰੋਂ
ਅਸੀਂ ਭੁੱਲੇ-ਭਟਕੇ ਜਿਹੇ ਮਿਲੇ ਸਾਂ।
ਲਗਦਾ ਸੀ ਇਹ ਕੱਲ੍ਹ ਦੀਆਂ ਗੱਲਾਂ ਹਨ।
ਹਾਂ, ਹੁਣ ਉਸ ਨਾਲ
ਟੈਲੀਫ਼ੋਨ 'ਤੇ ਗੱਲ ਹੋ ਰਹੀ ਸੀ।

'ਹੋਰ ਝੰਡਾ ਸਿਆਂ
ਬੱਚਿਆਂ ਦਾ ਕੀ ਹਾਲ ਹੈ ?' ਮੈਂ ਪੁੱਛਿਆ।
ਤੈਨੂੰ ਦੱਸਿਆ ਤਾਂ ਐ
ਵਈ ਇਹ ਆਹ ਇਹਨਾਂ ਨੂੰ ਖਿਡਾਉਂਦੀ ਐ।'

'ਨਹੀਂ, ਮੈਂ ਤਾਂ ਦੋਹਾਂ ਮੁੰਡਿਆਂ
ਗੁਰਦੇਵ ਤੇ ਨਿਰਮਲ ਦੀ ਪੁੱਛਦਾ ਸੀ
ਉਹ ਕਿਵੇਂ ਨੇ ?' ਮੈਂ ਕਿਹਾ।

'ਹੱਛਾ! ਤੂੰ ਮੁੰਡਿਆਂ ਬਾਰੇ ਪੁੱਛਦੈਂ ?
ਮੈਂ ਕਿਹਾ ਕਿਤੇ ਜੁਆਕਾਂ ਬਾਰੇ।" ਉਸ ਕਿਹਾ।

'ਉਹ ਦੋਨੋਂ, ਠੀਕ ਈ ਹੋਣੇ ਐ!
ਦੋਹਾਂ ਕੋਲੇ ਵੱਡੇ ਵੱਡੇ ਘਰ ਐ
ਅਸੀਂ ਇਕ ਹਫ਼ਤਾ ਨਿੰਮੇ ਕੇ ਹੁੰਨੇ ਆਂ
ਇਕ ਹਫ਼ਤਾ ਦੇਬੂ ਦੇ!

ਇਹ ਕਦੋਂ ਆਉਂਦੇ ਐ
ਕਦੋਂ ਜਾਂਦੇ ਐ
ਜਿਹੜੀਆਂ ਲਿਆਂਦੀਆਂ ਐ
ਕਦੋਂ ਆਉਂਦੀਆਂ ਐਂ
ਕਦੋਂ ਜਾਂਦੀਆਂ—ਕੋਈ ਪਤਾ ਨਹੀਂ!

ਹਾਂ, ਨਿੰਮੇ ਨੂੰ ਏਥੇ ਨੀਲ-ਨੂਲ
ਤੇ ਦੇਬੂ ਨੂੰ ਡੇਵ-ਡੂਵ ਕਹਿੰਦੇ ਐ
ਸਿੱਧੀ ਗੱਲ ਤਾਂ ਇਹਨਾਂ ਨਾਲ
ਕਦੇ ਹੁੰਦੀ ਨੀ
ਊਂ ਟੈਲੀਫੂਨ ਤੇ ਜੁਆਕਾਂ ਤੋਂ
ਕਦੇ ਕੋਈ ਗੱਲ ਸੁਣ ਲਈਦੀ ਐ।

ਮੈਂ ਤੈਨੂੰ ਸੱਚੀ ਦੱਸਾਂ?
ਰੱਬ ਝੂਠ ਨਾ ਬੁਲਾਵੇ
ਖਬਰਾ ਚੇਤਾ ਈ ਏਨਾ ਮਾੜਾ ਹੋ ਗਿਐ
ਇਹਨਾਂ 'ਚੋਂ ਇਕ ਘਰ ਵੇਚਦੈ
ਤੇ ਇਕ ਕਹਿੰਦੇ ਕਾਰਾਂ ਵੇਚਦੈ
ਪਰ ਸਾਨੂੰ ਇਹ ਪਤਾ ਨੀ ਰਹਿੰਦਾ
ਵਈ ਕਾਰਾਂ ਕਿਹੜਾ ਵੇਚਦੈ, ਘਰ ਕਿਹੜਾ ?

ਨਾ ਕਦੇ ਇਹਨਾਂ ਨੇ ਸਾਨੂੰ ਪੁੱਛਿਐ
ਵਈ ਬਾਪੂ ਐਸ ਗੱਲ ਦਾ ਕੀ ਕਰੀਏ ?



ਨਾ ਇਹਨਾਂ ਨੇ ਕਦੇ ਦੱਸਿਐ
ਵਈ ਅਸੀਂ ਕੀ ਕਰਦੇ ਆਂ।
ਨਾਲੇ ਨਰੈਣ ਸਿਆਂ, ਤੂੰ ਪੁੱਛਦੈਂ ਮੈਥੋਂ
ਬੱਚਿਆਂ ਦਾ ਹਾਲ।

ਇਹ ਹੁਣ ਬੱਚੇ-ਬੁੱਚੇ ਕੋਈ ਨੀ
ਇਹਨਾਂ ਬਣਗੇ ਸਾਡੇ ਸ਼ਰੀਕ
ਭਰਾਵਾਂ ਤੋਂ ਵੱਡੇ।
ਭਰਾਵਾਂ ਨੂੰ ਭੋਰਾ ਮੋਹ ਤਾਂ ਸੀ
ਸਾਡੇ ਨਾਲ
ਬਾਪੂਆਂ ਦੇ ਬਣਾਏ ਘਰ-ਜ਼ਮੀਨ ਨਾਲ।
ਇਹਨਾਂ ਨੂੰ—
ਕਿਸੇ ਬਾਬੇ ਦੇ ਬਣਾਏ ਘਰ-ਜ਼ਮੀਨ ਨਾਲ ਕੀ
ਕਿਸੇ ਚਾਚੇ ਤਾਏ ਕਿਸੇ ਚਾਚੀ ਤਾਈ ਦਾ
ਮੋਹ ਵੀ ਨਹੀਂ ਰਿਹਾ।

ਇਹ ਸਾਲ਼ੇ, ਬੱਚੇ ਕਾਹਦੇ ਹੋਏ ?
ਇਹ ਤਾਂ ਆਂਡਿਆਂ 'ਚੋਂ ਨਿਕਲੇ ਬੱਚੇ ਹੋਏ
ਖੰਭ ਨਿਕਲੇ ਨੀ ਤੇ ਉੱਡਕੇ ਅਹੁ ਗਏ।'
ਝੰਡਾ ਘਗਿਆਇਆ ਹੋਇਆ ਬੋਲਿਆ।

## ਬੂਹਾ

ਜਦ ਉਹ ਨਿੱਕੇ ਸਕੂਲੋਂ ਛੁੱਟੀ ਹੋਏ
ਬਸਤਾ ਘਰੇ ਸੁੱਟਕੇ
ਬਾਪੂ ਦੇ ਡਰੋਂ ਖੂਹ ਹਕਦਾ ਹਕਦਾ
ਥੱਕ ਕੇ ਰਾਤੀਂ ਕੋਠੇ ਤੇ ਪਿਆ
ਤਾਂ ਰਾਤ ਪੂਰੀ ਤਰ੍ਹਾਂ ਚੁੱਪ-ਚਾਪ ਜਿਹੀ ਸੀ
ਧਰਮਸ਼ਾਲਾ ਵਿਚ ਜੰਨ ਉੱਤਰੀ ਹੋਈ ਸੀ।
ਇਸਦੀ ਛੱਤ ਉੱਤੇ ਮੰਜੇ ਜੋੜਕੇ ਲਾਇਆ ਸਪੀਕਰ
ਇੰਞ ਲਗਦਾ ਸੀ ਜਿਵੇਂ ਉਸ ਲਈ
ਤੇ ਸਿਰਫ਼ ਉਸ ਲਈ ਹੀ ਲਾਇਆ ਗਿਆ ਹੋਵੇ।

ਵੱਖੀ ਪਰਨੇ ਪਿਆ ਉਹ
ਗਈ ਰਾਤ ਤੱਕ
ਤਵੇ ਸੁਣਦਾ ਰਿਹਾ.....ਸੁਣਦਾ ਰਿਹਾ
ਤੇ ਫਿਰ ਇਕ ਰਕਾਟ ਲੱਗਿਆ—
"ਜੱਗਿਆ! ਤੁਰ ਪ੍ਰਦੇਸ ਗਿਓਂ ਬੂਹਾ ਵੱਜਿਆ!"

ਉਸਨੂੰ ਸ਼ਬਦ ਤੇ ਸੁਰ ਭੁਣ ਗਏ
ਰੁੱਖਾਂ 'ਚੋਂ ਗੁਜ਼ਰਦੀ ਹਵਾ ਵਾਂਗੂੰ!
ਪਰ ਅਰਥਾਂ ਨੂੰ ਉਸ ਸਮੇਂ ਉਸ
ਬਹੁਤਾ ਨਾ ਗੌਲਿਆ।
ਅਰਥਾਂ ਨੂੰ ਗੌਲਣ ਦਾ
ਉਹ ਸਮਾਂ ਹੀ ਨਾ ਸੀ ਨਾ ਸਥਿਤੀ
ਪਰ ਬੋਲ ਉਸਦੀ ਸੁਰਤੀ 'ਚ ਡੂੰਘੇ ਉੱਤਰ ਗਏ।

ਜੀਵਨ ਚਲਦਾ ਰਿਹਾ........
ਫਿਰ ਜੱਗੋਂ ਤੇਰ੍ਹਵੀਂ ਹੋਈ
ਕਿ ਅੰਨ ਜਲ ਦਾ ਪੱਟਿਆ
ਉਹ ਪ੍ਰਦੇਸ ਚਲਾ ਆਇਆ



ਉਸਨੇ ਬਹੁ ਧੰਦ ਪਿੱਟੇ ਬਹੁ ਪੱਤਣ ਤਰੇ
ਉਸਨੇ ਸਭ ਕਸ਼ਟ ਜਰੇ ਕਈ ਕਾਜ ਕਰੇ
ਆਪਣੇ ਸੁਪਨਿਆਂ ਵਿਚ ਰੰਗ ਵੀ ਬਹੁ ਭਰੇ
ਹਮਸਾਏ ਵੀ ਸੱਤ ਸਮੁੰਦਰਾਂ ਪਾਰ ਕਰੇ।

ਬਹੁਤ ਵੇਰ ਮਨ ਭਰਦਾ! ਦਿਲ ਕਰਦਾ!!
ਪਰ ਪਿੰਡ ਨੂੰ ਹੁਣ ਉਸ ਕੀ ਮੁੜਨਾ ਸੀ!
ਉਸ ਬੇਘਰੇ ਨੇ ਘਰ ਨੂੰ ਕੀ ਪਰਤਣਾ ਸੀ ?

ਸਮਾਂ ਤਾਂ ਦਰਿਆ ਹੈ
ਚਲਦਾ ਰਿਹਾ!
ਵਗਦਾ ਰਿਹਾ!!

ਇਕ ਦਿਨ ਸ਼ਾਮ ਢਲ ਰਹੀ ਸੀ
ਵਿਹਲ ਕੱਢਕੇ ਉਹ ਵਿਹੜੇ ਵਿਚ
ਆਪਣੇ ਬੂਟਿਆਂ ਦੀ ਸੰਗਤ ਵਿਚ ਬੈਠਾ ਸੀ
ਕਿ ਉਸਦੇ ਮਨ ਵਿਚ ਉਹੀਓ ਰਕਾਟ ਤੜਫ਼ਿਆ
ਜੋ ਆਪਣੇ ਕੋਠੇ ਤੇ ਕਦੇ
ਵਰ੍ਹਿਆਂ ਪਹਿਲੋਂ ਉਸ ਸੁਣਿਆ ਸੀ—
"ਜੱਗਿਆ! ਤੁਰ ਪ੍ਰਦੇਸ ਗਿਓਂ ਬੂਹਾ ਵੱਜਿਆ!!"

ਤੇ ਅੱਜ ਉਸਨੂੰ ਉਸ ਰਕਾਟ ਦੇ
ਸ਼ਬਦਾਂ ਸੁਰਾਂ ਪਿਛਵਾੜੇ ਖੜ੍ਹੇ
ਅਰਥਾਂ ਦੀ ਸਮਝ ਪਈ
ਕਿ ਜੇ ਪ੍ਰਦੇਸ ਜਾਣ ਨਾਲ
ਜੱਗੇ ਲਈ ਘਰ ਦਾ ਬੂਹਾ
ਕਿਸੇ ਪਲ ਵੱਜ ਸਕਦਾ ਹੈ
ਤਾਂ ਮਨ-ਪ੍ਰਦੇਸੀ ਲਈ ਤਾਂ
ਜ਼ਿੰਦਗੀ ਦਾ ਬੂਹਾ
ਕਿਸੇ ਪਲ ਵੀ ਵੱਜ ਸਕਦਾ ਹੈ।

## ਭਾਲਦੀ ਫਿਰਾਂ

ਮੈਨੂੰ ਮਿਲਜੇ ਦੀਦਾਰ ਇਕ ਭੋਰਾ, ਮੈਂ ਝੱਲੀ ਹੋਈ ਭਾਲਦੀ ਫਿਰਾਂ।
ਹੋਰ ਕੰਮ ਕੀ ਥਲਾਂ ਦੇ ਵਿਚ ਮੇਰਾ, ਮੈਂ ਝੱਲੀ ਹੋਈ ਭਾਲਦੀ ਫਿਰਾਂ।

ਉਹ ਤਾਂ ਕਣ ਕਣ ਅੰਗ ਅੰਗ ਵੱਸਿਆ।
ਜੋੜ ਬੁੱਲ੍ਹੀਆਂ ਸੀ ਨੈਣਾਂ ਵਿਚ ਹੱਸਿਆ।
ਫੇਰ ਲਾ ਗਿਆ ਵਿਛੋੜੇ ਵਾਲਾ ਢੋਰਾ
ਮੈਂ ਝੱਲੀ ਹੋਈ.........................!!

ਗਿਆ ਚੱਜ ਨਾਲ ਮੈਥੋਂ ਨਾ ਪਿਆਰਿਆ।
ਮੈਂ ਹਾਏ ਤੱਤੜੀ ਨੇ ਕੁਝ ਨਾ ਵਿਚਾਰਿਆ।
ਹੁਣ ਚੱਤੋ-ਪਹਿਰ ਚਿੱਤ ਨੂੰ ਇਹ ਝੋਰਾ
ਮੈਂ ਝੱਲੀ ਹੋਈ.........................!!

ਪਾਈਆਂ ਚੁੰਮ ਚੁੰਮ ਗਲੇ ਉੱਤੇ ਗਾਨੀਆਂ।
ਉੱਤੇ ਸਿਰ ਦੇ ਵਰ੍ਹਾਈਆਂ ਮਿਹਰਬਾਨੀਆਂ।
ਓਦੋਂ ਕਾਸਤੋਂ ਰਿਹਾ ਨੀਂ ਦਿਲ ਕੋਰਾ
ਮੈਂ ਝੱਲੀ ਹੋਈ.........................!!

ਹੁਣ ਕੂਕਾਂ—ਮਾਹੀ ਆ! ਮਾਹੀ ਆ ਵੇ।
ਮੇਰੀ ਤੱਤੜੀ ਦੀ ਪਿਆਸ ਬੁਝਾਅ ਵੇ।
ਨਹੀਂ ਤਾਂ ਥੇਹ ਦਾ ਮੈਂ ਬਣਜੂੰ ਗੀ ਸ਼ੋਰਾ
ਮੈਂ ਝੱਲੀ ਹੋਈ.........................!!

✵



## ਵੇਖ ਫ਼ਕੀਰਾ!

ਵੇਖ ਫ਼ਕੀਰਾ! ਮੇਲੇ ਆਇਆ
ਜਿੰਦ ਕਾਹਟੋ ਕੀ ਕਹਿੰਦੀ।
ਬੁੱਢਾ ਹੋਇਆ ਇਹ ਆਹਲਣਾ
ਮੈਂ ਨਾ ਆਹਲਣੇ ਰਹਿੰਦੀ।

ਵੇਖ ਫ਼ਕੀਰਾ! ਮੇਲੇ ਆਇਆ
ਬਣ ਥੱਕਿਓਂ ਸੰਸਾਰੀ।
ਕੀ ਰਿਸ਼ਤੇ ਕੀ ਨਾਤੇ ਏਥੇ
ਕਾਹਦੀ ਸਾਕਾਦਾਰੀ ?

ਵੇਖ ਫ਼ਕੀਰਾ! ਮੇਲੇ ਆਇਆ
ਬਚਪਨ ਕਿਵੇਂ ਗੁਆਚਾ।
ਧੁੰਦ ਵਿਚ ਮਾਈ ਬਾਪ ਗੁਆਚੇ
ਰਿਹਾ ਨਾ ਤਾਇਆ ਚਾਚਾ।

ਵੇਖ ਫ਼ਕੀਰਾ! ਮੇਲੇ ਆਇਆ
ਕਿੱਥੇ ਉਹ ਬੁੱਲ੍ਹ ਰਸੀਲੇ ?
ਕਿੱਧਰ ਗਈਆਂ ਕੇਸ-ਘਟਾਵਾਂ ?
ਨੈਣ ਗਏ ਚਮਕੀਲੇ।

ਵੇਖ ਫ਼ਕੀਰਾ! ਮੇਲੇ ਆਇਆ
ਰਹੇ ਨਾ ਮਿੱਤਰਾਂ ਹਾਸੇ।
ਬਾਤਾਂ-ਰਾਤਾਂ ਪੈ ਲੰਘ ਗਈਆਂ
ਸੁੰਞੇ। ਚਾਰੇ ਪਾਸੇ।

ਵੇਖ ਫ਼ਕੀਰਾ! ਮੇਲੇ ਆਇਆ
ਕਾਲ਼ੇ ਹੋ ਗਏ ਬੱਗੇ।
ਦੂਰ-ਦੇਸ ਦੀ ਹੋਈ ਤਿਆਰੀ
ਜਗਤ ਬਿਗਾਨਾ ਲੱਗੇ।

ਵੇਖ ਫ਼ਕੀਰਾ! ਮੇਲੇ ਆਇਆ
ਵਿੱਝੜ ਚੱਲਿਆ ਮੇਲਾ।
ਵਿੱਛੜ ਜਾਣੇ ਸਭ ਸੰਗੀ-ਸਾਥੀ
ਉੱਡਣਾ ਹੰਸ ਅਕੇਲਾ!!

ਵੇਖ ਫ਼ਕੀਰਾ! ਮੇਲੇ ਆਇਆ
ਰੱਬ ਦਾ ਸ਼ੁਕਰ ਮਨਾਈਏ।
ਜਿਸਨੇ ਮੇਲਾ ਜੱਗ ਦਿਖਾਇਆ
ਉਸ ਤੋਂ ਘੁੰਮ ਘੁੰਮ ਜਾਈਏ!!

*



## ਦੋਸਤੀ ਦਾ ਦਰ

ਮੋਢੇ ਉੱਤੇ ਰਬਾਬ
ਰਬਾਬ 'ਤੇ ਕੁਝ ਤਾਰਾਂ
ਤਾਰਾਂ 'ਤੇ ਸੁਚੱਜੇ ਹੱਥ!

ਸ਼ਾਮ ਦਾ ਸਮਾਂ!
ਪਿੰਡ ਦੀ ਇਕ ਮਹਿਫ਼ਲ!!

ਮਹਿਫ਼ਲ ਵਿੱਝੜੀ
ਲੋਕੀਂ ਵਾਗਲੇ 'ਚੋਂ ਨਿਕਲ
ਘਰਾਂ ਨੂੰ ਤੁਰਨ ਲੱਗੇ
ਵਿਹੰਦਿਆਂ ਵਿਹੰਦਿਆਂ ਵਾਗਲਾ ਖਾਲੀ ਹੋ ਗਿਆ
ਪਰ ਨਾਨਕ ਵਾਗਲੇ ਦੇ ਕੌਲੇ ਨਾਲ ਲੱਗਕੇ ਖਲੇ ਸਨ।
ਕਿਸਨੂੰ ਉਡੀਕਦੇ ਸਨ ? ਕੌਣ ਜਾਣੇ ?

ਸ਼ਾਇਦ ਮਰਦਾਨੇ ਨੂੰ
ਰਬਾਬ 'ਤੇ ਗਲਾਫ਼ ਓੜਦੇ ਨੂੰ ਦੇਰ ਹੋ ਗਈ ਸੀ।

ਨਾਨਕ ਤਾਂਘਦੀਆਂ ਨਜ਼ਰਾਂ ਨਾਲ ਬੂਹੇ ਵੱਲ ਨਿਹਾਰ ਰਹੇ ਸਨ।
ਤਾਹੀਓਂ ਖ਼ਬਰ ਮਰਦਾਨਾ ਬੂਹਿਓਂ ਬਾਹਰ ਆਇਆ
ਨਾਨਕ ਨੇ ਉਸਦਾ ਕਲਾਵਾ ਭਰ ਲਿਆ—
'ਭਰਾਵਾ! ਮੈਨੂੰ ਲੁੱਟ ਲਇਓ ਨੇ!!'
ਕੌਣ ਹੋ ਤੁਸੀਂ ? ਭਬੰਤਰੇ ਜਿਹੇ ਮਰਦਾਨੇ ਨੇ ਪੁੱਛਿਆ।
'ਜ਼ਮਾਨੇ ਵਾਲੇ ਮੈਨੂੰ ਨਾਨਕ ਕਹਿੰਦੇ ਹਨ'—ਪਾਤਸ਼ਾਹ ਬੋਲੇ।
'ਹਜ਼ੂਰ! ਜੇ ਤੁਸੀਂ ਸੱਚੀਂ-ਮੁੱਚੀਂ ਨਾਨਕ ਹੋਂ
ਤਾਂ ਲੁੱਟਿਆ ਤੇ ਪੱਟਿਆ ਤਾਂ ਮੈਂ ਗਿਆ ਹਾਂ।
ਤੇ ਮਰਦਾਨੇ ਨੇ ਰਬਾਬ ਬਾਬੇ ਦੇ ਚਰਨਾਂ ਤੇ ਧਰ ਦਿੱਤੀ।
ਉਸ ਪਲ ਨਾਨਕ ਤੇ ਮਰਦਾਨਾ ਗਲ ਲੱਗਕੇ
ਮਨੁੱਖਤਾ ਦੀ ਦਸ਼ਾ ਤੇ ਰਲ ਕੇ ਰੋਏ ਵੀ ਬਹੁਤ।
ਤੇ ਆਪਸ ਵਿਚ ਮਿਲਕੇ ਖ਼ੁਸ਼ ਹੋਏ ਵੀ ਬਹੁਤ।

ਆਏ ਦੋਸਤੀ ਦੇ ਬੁੱਲੇ—ਕੈਸਾ ਕਮਾਲ ਸੀ!
ਬਹਿਸ਼ਤੀਂ ਹੀ ਖੁੱਲ੍ਹੇ—ਕੈਸਾ ਜਮਾਲ ਸੀ!!

ਤੇ ਫਿਰ ਉਹ ਦੋਸਤ—
ਇਤਨੇ ਕਦਮ ਅੰਗ-ਸੰਗ ਨਾਲ ਨਾਲ ਤੁਰੇ
ਉਹਨਾਂ ਘਰ-ਪ੍ਰਵਾਰ ਵੀ ਵਿਸਾਰ ਦਿੱਤੇ।
ਉਹ ਆਪੂੰ ਵੀ ਜਿਊਂਦੇ ਮਰ ਗਏ
ਤੇ ਉਹਨਾਂ ਜਿਊਂਦੇ ਵੀ ਮਾਰ ਦਿੱਤੇ।

ਨਾਨਕ ਮਸਤਾਨਾ! ਰਬਾਬੀ ਮਰਦਾਨਾ
ਰੱਬੀ ਬਾਣੀ ਤੇ ਰਬਾਬ
ਧਰਤੀ 'ਤੇ ਰੱਬ ਦਾ ਘਰ ਹੋ ਗਿਆ।
ਇਕ ਕਰਤਾਰੀ ਜਲਵਾ ਧਰਤੀ 'ਤੇ ਜਲਵਾਗਾਰ ਹੋ ਗਿਆ!
ਤੇ ਇਹੀ ਜਲਵਾ ਸੁੱਤੇ-ਸਿੱਧ ਮਗਰੋਂ ਅੰਮ੍ਰਿਤਸਰ ਹੋ ਗਿਆ!!
ਮਨੁੱਖਤਾ ਲਈ ਦੋਸਤੀ ਦਾ ਦਰ ਹੋ ਗਿਆ!!!

✵



## ਜਾਂਦੀ ਵੇਰ ਦੇ ਦਰਸ਼ਨ

ਉਦਾਸ ਧੀ ਵਰਗਾ
ਲੰਡਨ ਦੇ ਘੁਸਮੁਸੇ ਵਰਗਾ
ਜਾਂ ਅਕਾਲ ਤਖ਼ਤ ਦੇ
ਖੰਡਰਾਤ ਬਣ ਜਾਣ ਵਰਗਾ ਮੌਸਮ ਸੀ!
ਘਰ ਵਿਚ ਬੇਜ਼ਾਨ ਚੀਜ਼ਾਂ ਦੀ ਕਮੀ ਨਾ ਸੀ
ਜਿਸ ਨਾਲ ਘਰ ਭਰਿਆ-ਭਰਿਆ ਹੁੰਦਾ ਹੈ—
ਉਹ ਕੰਮ 'ਤੇ ਸੀ!
ਸਿਰ ਵਿਚ ਇਕ ਪ੍ਰਸ਼ਨ ਲੈ ਕੇ
ਉਹ ਟਹਿਲਦਾ ਰਿਹਾ!!

ਉਸ ਸ਼ਬਦ ਫੜ ਲਏ
ਜੜ ਵੀ ਲਏ
ਪਰ ਕੋਈ ਬਾਤ ਨਾ ਬਣ ਸਕੀ।

ਕਮਰੇ ਵਿਚ ਪੁਸਤਕਾਂ ਸਨ
ਕੱਪੜੇ ਤੇ ਹੋਰ ਨਿਕਸੁਕ ਸੀ।
ਉਹ ਆਪੇ ਤੋਂ ਬਾਹਰ ਝਾਕਿਆ
ਸਮੁੰਦਰ ਤੋਂ ਉਰਾਰ-ਪਾਰ ਮਿੱਤਰ ਵੀ ਸਨ
ਪਰ ਉਹ ਉਦਾਸ ਸੀ!

ਦਿਸ਼ਾਤਰਾਂ ਵੀ ਬਹੁੰ ਗਾਹੀਆਂ!
ਕੰਕਰਾਂ ਵੀ ਬਹੁੰ ਚੁਗੀਆਂ!!
ਪੁਸਤਕਾਂ ਵੀ ਢੇਰ ਪੜ੍ਹੀਆਂ!!!
ਚੇਤਨਾ ਵਿਚ ਕੱਚੀਆਂ ਜਮਾਤਾਂ 'ਚ ਪਹੁੰਚ
ਉਹ ਬਸਤਾ ਖੋਹਲਿਆ
ਇਸ 'ਚ ਬਹੁਤਾ ਸਮਾਨ ਨਾ ਸੀ
ਬਸ ਦੋ ਕੁ ਨਿੱਕੀਆਂ ਕਿਤਾਬਾਂ
ਕਾਪੀਆਂ ਕਲਮਾਂ ਸਲੇਟੀਆਂ ਦੇ ਕੁਝ ਟੁਕੜੇ

ਜਾਂ ਦਵਾਤ ਤੇ ਸਲੇਟ ਸੀ
ਤੇ ਪਿਓ ਤੋਂ ਚੋਰੀ ਦਿੱਤੇ
ਮਾਂ ਦੇ ਮੋਹ ਦੀਆਂ ਮੁੰਦਰਾਂ! ਚਾਰ ਗਲੀ ਵਾਲੇ ਪੈਸੇ!!

ਮਹਿੰਗੀ ਮਾਂ ਤਾਂ ਹੁਣ ਦੂਰ......... ਬਹੁਤ ਦੂਰ ਸੀ!
ਵਿਚਾਲੇ ਸਮੁੰਦਰ ਸੀ ਮਜ਼ਬੂਰੀਆਂ ਦੀਆਂ ਛੱਲਾਂ ਭਰਿਆ।
ਇਸ ਸਥਿਤੀ ਵਿਚ—
ਟਹਿਲਣਾ ਹੀ ਬਣਦਾ ਸੀ
ਤੇ ਉਹ ਟਹਿਲ ਰਿਹਾ ਸੀ
ਜਿਵੇਂ ਸਿਆਸੀ ਕੈਦੀ ਕਦੇ ਕਦੇ ਜੇਲ੍ਹਾਂ ਵਿਚ ਟਹਿਲਦੇ ਹਨ
ਜਾਂ ਫਿਰ ਖਾੜਕੂ ਬੇਗਾਨੀ ਧਰਤ 'ਤੇ ਬੇਚੈਨ ਕਦਮਾਂ ਨਾਲ ਟਹਿਲਦੇ
ਹਨ, ਪਰ ਯਾਦ ਰਹੇ ਕਿ ਇਹ ਟਹਿਲਣਾ ਟਹਿਲਣਾ ਨਹੀਂ ਹੁੰਦਾ!

ਗਿਆਨ ਮਸ਼ੀਨਾਂ ਤੇ ਮਹੀਨਾ ਚੀਜ਼ਾਂ 'ਚ
ਇਸ ਸਮੇਂ ਉਸਦੀ ਦਿਲਚਸਪੀ ਨਾ ਸੀ।
ਉਸ ਬਾਰੀ 'ਚੋਂ ਬਾਹਰ ਵੇਖਿਆ
ਰੰਗੀਨ ਪੰਛੀ ਤਾਰਾਂ ਤੋਂ ਫੁ.....ਰ.....ਰ ਕਰਕੇ ਉੱਡ ਗਏ ਸਨ।
ਉਹ ਪਿੰਡ ਵੱਲ ਝਾਕਿਆ ਤਾਂ ਘਰ ਹੀ ਬਦਲ ਗਏ ਸਨ!
ਬਚਪਨ ਵਿਚਲੇ ਪੀਂਘਾਂ ਵਾਲੇ ਪਿੱਪਲ ਵੱਲ ਉਸ ਪਰਤ ਵੇਖਿਆ
ਤਾਂ ਉਸਦੇ ਉਹ ਪਿਆਰੇ ਪੱਤ ਹੀ ਕਦੋਂ ਦੇ ਕਿਰ ਗਏ ਸਨ।
ਉਸ ਆਪਣੀ ਪੁਰਾਣੀ ਮਿੱਤਰ-ਡਾਇਰੀ ਕੱਢੀ
ਇਸ 'ਚ ਮਿੱਤਰਾਂ ਦੇ ਥਾਂ-ਟਿਕਾਣੇ ਤਾਂ ਦਰਜ ਸਨ
ਪਰ ਬਹੁਤੇ ਮਿੱਤਰ ਹੀ ਮਰ ਗਏ ਸਨ!

ਫਿਰ ਉਹ ਘਰ ਨੂੰ ਟਟੋਲਣ ਲੱਗਾ।
ਪੁਸਤਕਾਂ ਕੱਪੜੇ ਤੇ ਸਾਰਾ ਸਾਜ਼ੋ-ਸਾਮਾਨ ਝੱਖ ਹੀ ਤਾਂ ਸੀ!
ਕਰੋਲ਼ੇ ਉਸ ਬਹੁੰ ਦਿੱਤੇ
ਇਹ ਸਾਰਾ ਕੱਚ ਹੀ ਤਾਂ ਸੀ!
ਸੱਚ ਤਾਂ ਕੁਝ ਵੀ ਨਹੀਂ ਸੀ!!



ਤਾਂਹੀਏਂ ਖ਼ਬਰ
ਉਸ ਕੰਧ ਵੱਲ ਵੇਖਿਆ
ਤਾਂ ਇਕ ਫੋਟੋ 'ਚੋਂ ਸਤਿਗੁਰੂ
ਉਸ ਉਦਾਸੇ ਤੇ ਵੈਰਾਗੇ ਲਈ
ਜਾਂਦੀ ਵਾਰ ਦੇ ਦਰਸ਼ਣਾਂ ਲਈ ਜਗਮਗਾਏ!
ਤੇ ਆਖਿਓਨੇ—
ਜ਼ਿੰਦਗੀ ਹੈ ਲਹਿਰ-ਲਹਿਰ ਤਰੋ ਤਾਂ!
ਸਿਰ ਸਿੰਘਾਸਣ ਹੈ ਅਸਾਡੇ ਬਦਨ ਦਾ
ਜ਼ਿੰਦਗੀ ਦਾ ਅਰਥ ਇਸ ਵਿਚ ਭਰੋ ਤਾਂ!!
ਜ਼ਿੰਦਗੀ ਹੈ ਜੇ ਜੀਓ ਇਕ ਅਰਥ ਲਈ
ਮੌਤ ਵੀ ਹੈ ਜ਼ਿੰਦਗੀ ਜੇ ਅਰਥ ਦੇ ਲਈ ਮਰੋ ਤਾਂ!!!

## ਹੁਣ ਜੇ ਸਾਹਿਬ.....

ਹੁਣ ਜੇ ਕਿਤੇ ਸਾਹਿਬ
ਆਨੰਦਪੁਰ ਦੀ ਸਟੇਜ ਉਤੇ ਆ ਵੰਗਾਰਨ
ਤਾਂ ਮੈਨੂੰ ਪਤਾ ਹੈ
ਉਹ ਸਿਰਫ਼ ਇਹ ਨਹੀਂ ਕਹਿਣਗੇ
ਮੈਨੂੰ ਇਕ ਸਿਰ ਚਾਹੀਦਾ ਹੈ।
ਉਹ ਕਹਿਣਗੇ—ਮੈਨੂੰ ਇਕ ਸਿਰ ਨਹੀਂ
ਜਗਦਾ ਤੇ ਜਾਗਦਾ ਸਿਰ ਚਾਹੀਦਾ ਹੈ।

ਮੇਰੇ ਸਾਹਿਬ!
ਸਮੇਂ ਦੇ ਅੱਥਰੇ ਘੋੜੇ ਤੇ ਕਾਠੀ ਪਾਉਣ ਦੇ ਆਦੀ ਸਨ
ਤੇ ਹੁਣ ਤਾਂ ਸਮਾਂ ਬਹੁਤ ਅੱਗੇ ਲੰਘ ਆਇਆ ਹੈ।
ਮੈਨੂੰ ਇੱਟ ਵਰਗਾ ਯਕੀਨ ਹੈ
ਕਿ ਜੇ ਉਹ ਹੁਣ ਵੀ ਆ ਜਾਣ
ਤਾਂ ਉਹ ਸਮੇਂ ਦੇ ਅੱਥਰੇ ਘੋੜੇ ਦੀਆਂ ਵਾਗਾਂ
ਬੜੀ ਸਰਸਰੀ ਤਰ੍ਹਾਂ ਫੜ ਕੇ
ਰਕਾਬਾਂ 'ਚ ਆਪਣੇ ਚਰਨ ਪਾ
ਇਸ ਤੇ ਸਵਾਰ ਹੋ ਜਾਣਗੇ।

ਪਰ......!
ਇਸ ਵਾਰ ਸ਼ਰਤ ਸਿੱਖਾਂ ਵਾਸਤੇ
ਕੁਝ ਕਸੂਤੀ ਤੇ ਔਖੀ ਹੋਏਗੀ
ਕਿਉਂਕਿ ਇਸ ਵੇਰ ਸਿੱਖਾਂ ਨੂੰ
ਸਾਹਿਬਾਂ ਦੇ ਨੀਲੇ ਪਿੱਛੇ ਸਿਰਪੱਟ ਦੌੜਨਾ ਪਵੇਗਾ।
ਪਰ ਅਸੀਂ ਸਿੱਖ—
ਸਾਹਿਬਾਂ ਦੇ ਮਗਰਲੀ ਵਹੀਰ ਤਾਂ
ਕਦੇ ਵੀ ਨਾ ਬਣ ਸਕੇ।
ਸਿਰਫ਼ ਇਕੱਲੇ-ਕਹਿਰੇ ਹੀ
ਉਨ੍ਹਾਂ ਮਗਰ ਤੁਰਦੇ ਆਏ ਹਾਂ!



ਖ਼ਬਰੇ ਤਦੇ ਹੀ
ਤ੍ਰੈਕਾਲ-ਦਰਸ਼ੀ ਅਨੁਭਵੀ ਪ੍ਰੀਤਮ-ਪਾਤਸ਼ਾਹ
ਮੁਸਕਰਾ ਕੇ ਫ਼ੁਰਮਾਏ ਸਨ :
ਸਵਾ ਲਖ ਸੇ ਏਕ ਲੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਗੱਲ ਅਨੇਕ ਦੀ ਕਰਦੇ ਵੀ ਗੁਰਦੇਵ
ਗੱਲ ਏਕ ਦੀ ਹੀ ਕਰਦੇ ਰਹੇ
ਚਲੋ ਛੱਡੋ—ਗੱਲ ਫ਼ਲਸਫ਼ੇ ਵੱਲ ਵਧ ਚੱਲੀ ਹੈ
ਪਿੰਡ ਦੀ ਥੜ੍ਹੀ ਤੇ ਬੈਠੇ
ਗਿਆਲੇ ਅਮਲੀ ਦੀ ਗੱਲ ਵਾਂਗ।
ਆਪਾਂ ਗੱਲ ਪਾਤਸ਼ਾਹ ਦੀ ਕਰ ਰਹੇ ਸਾਂ
ਕਿ ਹੁਣ ਜੇ ਉਹ ਅਛੋਪਲੇ ਜਿਹੇ ਆ ਜਾਣ
ਤੇ ਸਿਰ ਮੰਗ ਲੈਣ
ਤੇ ਅਸੀਂ ਮਹਿਜ਼ ਪੁਸਤਕਾਂ ਵਿਚ ਉਨ੍ਹਾਂ ਨੂੰ ਪੜ੍ਹਨ ਵਾਲੇ
ਆਪ ਸਿਰ ਦੇਣ ਲਈ ਤਿਆਰ ਵੀ ਹੋਈਏ
ਤਿਆਰ ਤਾਂ ਕੀ ਉਤਸਕ ਵੀ ਹੋਈਏ
ਉਤਸਕ ਤਾਂ ਕੀ ਆਪਣੇ ਸਿਰ ਤਲੀ ਤੇ ਧਰ ਕੇ
ਨਿੱਤਰ ਵੀ ਆਈਏ
ਤਾਂ ਸੰਭਵ ਹੈ ਮੇਰੇ ਤ੍ਰੈਕਾਲ-ਦਰਸ਼ੀ
ਚਿੰਤਨ ਚੰਨ ਸਤਿਗੁਰੂ
ਸਾਡਾ ਸਿਰ ਲੈਣ ਤੋਂ ਹੀ ਇਨਕਾਰ ਕਰ ਦੇਣ

ਤੇ ਕਹਿਣ
ਮੈਨੂੰ ਅੱਜ ਮਾਸ ਵਿਚ ਮੜ੍ਹਿਆ
ਕੋਈ ਸੁੰਨਾ-ਸਿਰ ਨਹੀਂ ਚਾਹੀਦਾ
ਸਮਾਂ ਸਿਰਪੱਟ ਦੌੜ ਰਿਹਾ ਹੈ
ਅੱਜ ਮੈਨੂੰ ਸੀਸ ਚਾਹੀਦਾ ਤਾਂ ਹੈ
ਪਰ ਮੈਨੂੰ ਜਗਦਾ ਤੇ ਜਾਗਦਾ ਸਿਰ ਚਾਹੀਦਾ ਹੈ।

ਜਿਸ ਵਿਚ ਤਿੰਨ ਸਦੀਆਂ ਪਹਿਲੋਂ ਦੀ ਵਫ਼ਾ ਹੋਵੇ
ਪਰ ਜਿਸ ਦੀ ਅਕਲ ਦੀ ਨੋਕ
ਇਸ ਸਮੇਂ ਦੀ ਧਾਰ ਤੋਂ ਵੀ ਤਿਖੇਰੀ ਹੋਵੇ।
ਤੇ ਸਾਹਿਬ ਆਖਣ
ਚਿੱਲਾ ਚਾੜ੍ਹਦਿਆਂ ਜ਼ਖ਼ਮ ਵਡੇਰੇ ਦਾ
ਦਰਦ ਤਾਂ ਕੁਝ ਵੀ ਨਹੀਂ ਸੀ
ਕੁਝ ਅੰਗੂਰ ਆਇਆ ਹੈ ਤਾਂ
ਅੱਜ ਫਿਰ ਸਿੱਖ ਪਰਖਣ ਤੇ ਮਨ ਆਇਆ ਹੈ
ਤੇ ਸਾਹਿਬ ਸ਼ਮਸ਼ੀਰ ਖਿੱਚਸਣ
ਤੇ ਖਿੱਚ ਕੇ ਇੰਜ ਬੋਲਣ
ਅੱਜ ਮੈਨੂੰ ਇਕ ਸਿਰ ਚਾਹੀਦਾ ਹੈ।
ਸਿਰਫ਼ ਸਿਰ ਨਹੀਂ
ਇਕ ਜਗਦਾ ਤੇ ਜਾਗਦਾ ਸਿਰ ਚਾਹੀਦਾ ਹੈ।

ਸੰਗਤ ਜੀ! ਆਓ ਸਲਾਹ ਕਰੀਏ।
ਆਓ ਜਿਉਂਦੇ ਸਿੱਖ-ਸਿਰੋਂ ਸਲਾਹ ਕਰੀਏ।
ਅੱਜ ਸਾਡੇ 'ਚੋਂ ਕੌਣ ਸਿਰ ਹੈ ? ਜੋ ਜਗਦਾ ਹੈ।
ਸਾਡੇ 'ਚੋਂ ਕੌਣ ਸਿਰ ਹੈ ? ਜੋ ਜਾਗਦਾ ਹੈ।

ਜੇ ਗੁਰੂ ਜੀ ਅਛੋਪਲੇ ਜਿਹੇ ਆ ਜਾਵਣ
ਸਾਡੇ ਸਿੱਖਾਂ ਕੋਲ ਭੇਟ ਕਰਨ ਲਈ
ਕੋਈ ਸੀਸ ਹੈ ਵੀ ਕਿ ਨਹੀਂ ?
ਗੱਲ ਇਹ ਸਰਸਰੀ ਜਿਹੀ ਹੈ
ਗੱਲ ਪਰ ਸੋਚਣ ਵਾਲੀ ਵੀ ਹੈ
ਤੇ ਇਹ ਸਾਰਾ ਕੁਝ ਸੋਚਣ ਲਈ
ਕੋਈ ਜਗਦਾ ਤੇ ਜਾਗਦਾ ਸੀਸ ਚਾਹੀਦਾ ਹੈ।
ਤੇ ਸਾਹਿਬਾਂ ਨੂੰ ਵੀ ਬਸ ਇਕ ਇਹੋ ਜਿਹਾ
ਜਗਦਾ ਤੇ ਜਾਗਦਾ ਸੀਸ ਹੀ ਚਾਹੀਦਾ ਹੈ।



## ਕਿੰਞ ਪਾਵਾਂ ਕਿਰਪਾਨ ?

ਕਿੰਞ ਪਾਵਾਂ ਕਿਰਪਾਨ ?
ਮੇਰੇ ਵਿਚ ਨਹੀਂ ਜਾਨ।
ਥਰ-ਹਰ ਮੇਰਾ ਮਨ ਕੰਬਦਾ ਹੈ
ਥਰ-ਹਰ ਕੰਬਦੀ ਜਾਨ!!
ਕਿੰਞ ਪਾਵਾਂ ਕਿਰਪਾਨ ?

ਨਿਸ ਦਿਨ ਮੇਰਾ—
ਸਿੱਖ ਲੱਗਣ ਨੂੰ ਜੀਅ ਕਰਦਾ ਹੈ
ਲੱਗਣ ਲੱਗਾਂ ਤਾਂ ਦਿਲ ਡਰਦਾ ਹੈ
ਨਾ ਲੱਗਾਂ ਤਾਂ ਮਨ ਭਰਦਾ ਹੈ
ਸਿਰ ਵਿਚ ਮੇਰੇ ਹਾਂ ਨਾਂਹ ਵਰਗੇ
ਉੱਠਣ ਲੱਖ ਤੂਫ਼ਾਨ!
ਕਿੰਞ ਪਾਵਾਂ ਕਿਰਪਾਨ ?

ਗਲ਼ ਪਾਵਣ ਵੱਡ ਜ਼ਿੰਮੇਵਾਰੀ
ਪਿਆਰੀ ਪਿਆਰੀ ਪਰ ਬਹੁੰ ਭਾਰੀ
ਗਲ਼ ਪਾਵਾਂ ਗਲ਼ ਪੈਂਦੀ ਸਾਰੀ
ਇਹ ਚੁੱਕਣ ਤੋਂ ਜੋ ਮੈਂ ਡਰਦਾ
ਕਾਹਦਾ ਕਰਾਂ ਗੁਮਾਨ ?
ਕਿੰਞ ਪਾਵਾਂ ਕਿਰਪਾਨ ?

ਇਸ ਸਿੱਖੀ ਦੇ ਰਾਹ ਪਥਰੀਲੇ
ਕਿਰਚਾਂ ਭਰੇ ਅਤੇ ਕੰਕਰੀਲੇ
ਤੁਰਨਾ ਸੌਖਾ ਕਿਸੇ ਨਾ ਹੀਲੇ
ਇਸ ਰਸਤੇ ਤਾਂ ਸਤਿਗੁਰ ਤੁਰਦੇ
ਜਾਂ ਫਿਰ ਸਿੱਖ ਮਹਾਨ।
ਕਿੰਞ ਪਾਵਾਂ ਕਿਰਪਾਨ ?

ਦਿਨ ਵਿਚ ਖੋਹ-ਸਿੱਖੀ ਦੀਆਂ ਥੋੜਾਂ
ਅੰਦਰ ਤ੍ਰੇਹ ਮੈਂ ਸਿੱਖੀ ਲੋੜਾਂ
ਸਾਹਸ ਦੇ ਕਿੱਥੋਂ ਤਿਣਕੇ ਜੋੜਾਂ ?
ਇਹ ਤਾਂ ਤਾਂਹੀ ਹੋ ਸਕਦੈ
ਬਖਸ਼ਣ ਸਾਹਿਬ ਜੋ ਵਰਦਾਨ!
ਕਿੰਞ ਪਾਵਾਂ ਕਿਰਪਾਨ ?

ਨਿਸ ਦਿਨ ਮੇਰਾ—
ਸਿੱਖ ਲੱਗਣ ਨੂੰ ਜੀਅ ਕਰਦਾ ਹੈ
ਲੱਗਣ ਲੱਗਾਂ ਤਾਂ ਦਿਲ ਡਰਦਾ ਹੈ
ਨਾ ਲੱਗਾਂ ਤਾਂ ਮਨ ਭਰਦਾ ਹੈ
ਸਿਰ ਵਿਚ ਮੇਰੇ ਹਾਂ ਨਾਂਹ ਵਰਗੇ
ਉੱਠਣ ਲੱਖ ਤੂਫ਼ਾਨ!
ਕਿੰਞ ਪਾਵਾਂ ਕਿਰਪਾਨ ?

✵



## ਨਿੱਕਾ ਮਿਸਤਰੀ

ਹੱਥ ਬੰਨ੍ਹ ਅਰਜ਼-ਗੁਜ਼ਾਰ ਹਾਂ
ਪਿਆਰੇ ਪਿਤਾ ਜੀ!
ਮੈਨੂੰ 'ਨਿੱਕਾ ਮਿਸਤਰੀ' ਬਣਾ ਦਿਓ
ਬਣਾ ਦਿਓ ਪਿਤਾ ਜੀ!
ਮੈਨੂੰ ਆਪਣਾ 'ਨਿੱਕਾ ਮਿਸਤਰੀ' ਬਣਾ ਦਿਓ!!

ਪਿਤਾ ਜੀਓ!
ਮੈਨੂੰ ਹਲ ਵਾਹੁਣਾ ਨਹੀਂ ਆਉਂਦਾ
ਕੋਈ ਕਿਰਸਾਨੀ ਨਹੀਂ ਆਉਂਦੀ।
ਮੈਨੂੰ ਗਹਿਣੇ ਘੜਨੇ ਨਹੀਂ ਆਉਂਦੇ
ਕਲਾ ਦੀ ਕੋਈ ਘਚਾਨੀ ਨਹੀਂ ਆਉਂਦੀ।
ਮੈਂ ਪੜ੍ਹਿਆ-ਲਿਖਿਆ ਜਿਹਾ ਲਗਦਾ ਤਾਂ ਹਾਂ
ਮੈਨੂੰ ਮੂਲੋਂ ਵਿਦਵਾਨੀ ਨਹੀਂ ਆਉਂਦੀ।
ਉਂਞ ਮੈਂ ਵਿਦੇਸ਼ਾਂ ਵਿਚ ਵੀ
ਪੱਗ ਬੰਨ੍ਹ ਕੇ ਤੁਰਿਆ ਫਿਰਦਾ ਰਿਹਾ ਹਾਂ
ਪਰ ਜਦੋਂ ਮੈਂ ਬੁੱਕਲ 'ਚ ਮੂੰਹ ਪਾ ਕੇ ਵੇਖਦਾ ਹਾਂ
ਪਿਤਾ ਜੀ! ਮੇਰੇ ਹੱਥਾਂ 'ਚ
ਰੁਪਈਏ 'ਚੋਂ ਚਵਾਨੀ ਨਹੀਂ ਆਉਂਦੀ।
ਕਿਸੇ ਕੋਲ ਘੋੜੇ ਹੋਣਗੇ
ਕਿਸੇ ਕੋਲ ਜੋੜੇ ਹੋਣਗੇ
ਕਿਸੇ ਕੋਲ ਦੜੇ ਦਰਬਾਰ ਹੋਣਗੇ
ਕਿਸੇ ਕੋਲ ਵੱਡੇ ਕਾਰੋਬਾਰ ਹੋਣਗੇ
ਕਿਸੇ ਕੋਲ ਅਖ਼ਬਾਰ ਜਾਂ ਸ਼ਕਤੀ ਦੇ ਹੋਰ ਔਜ਼ਾਰ ਹੋਣਗੇ
ਮੇਰੇ ਹਿੱਸੇ ਤਾਂ ਮੇਰੇ ਪਿਤਾ ਜੀ!
ਇਹਨਾਂ ਦੀ ਦੁਆਨੀ ਨਹੀਂ ਆਉਂਦੀ।

ਹੁਣ ਤਾਂ ਮੇਰੀ
ਮੇਰੇ ਪਿਆਰੇ ਪਿਤਾ ਜੀ! ਇੱਕੋ ਅਰਜ਼ ਹੈ—
ਮੈਨੂੰ 'ਨਿੱਕਾ ਮਿਸਤਰੀ' ਬਣਾ ਦਿਓ
ਆਪ ਜੀ ਦੇ ਚਰਨਾਂ 'ਚ ਬੈਠਣ ਦੇ ਕਾਬਲ ਤਾਂ ਨਹੀਂ
ਪਰ ਬਖਸ਼ੋ ਬਖ਼ਸ਼ਿੰਦ ਪਿਤਾ ਜੀਓ!
ਮੈਨੂੰ ਆਪਣੇ ਦਰ ਦਾ 'ਨਿੱਕਾ ਮਿਸਤਰੀ' ਬਣਾ ਦਿਓ!!

ਪਿਆਰੇ ਪਿਤਾ ਜੀ! ਇੱਕ ਗੱਲ ਦੱਸਾਂ ?
ਮੈਨੂੰ ਇਹ ਮੰਗ ਮੰਗਦਿਆਂ ਵੀ
ਆਪ ਜੀ ਤੋਂ ਇਕ ਸੰਗ-ਸ਼ਰਮ ਜਿਹੀ ਆਉਂਦੀ ਹੈ।
ਪਰ ਕ੍ਰਿਪਾ-ਨਿਧਾਨ ਖਿਮਾ-ਯਾਚਨਾ ਵੀ ਹੈ
ਤੇ ਮੈਨੂੰ ਆਸ-ਵਿਸ਼ਵਾਸ ਵੀ ਹੈ
ਕਿ ਆਪ, ਮੈਂ ਵਿਗੜੇ ਬਾਲਕ ਨੂੰ
ਗਲ ਨਾਲ ਲਾਵੋਗੇ
ਤੇ ਮੇਰੀ ਆਸ ਪੁਗਾਵੋਗੇ।

ਸੋ ਮੇਰੇ ਪਿਆਰੇ ਪਿਤਾ ਜੀਓ!
ਮੈਨੂੰ ਆਪਣਾ 'ਨਿੱਕਾ ਮਿਸਤਰੀ' ਬਣਾ ਲਵੋ।
ਜਿਹੜੇ ਚਾਰ ਦਿਨ ਰਹਿੰਦੇ ਹਨ
ਇਹਨਾਂ ਨਿਕੰਮੇ-ਨਿਮਾਣੇ ਹੱਥਾਂ ਥੀਂ
ਚਾਰ ਹੀ ਚੰਗੀਆਂ ਇੱਟਾਂ ਲਵਾ ਲਵੋ।
ਪਿਤਾ ਜੀਓ! ਮੈਨੂੰ 'ਨਿੱਕਾ ਮਿਸਤਰੀ' ਬਣਾ ਲਵੋ!!

✵



## ਗਲ਼ੀ ਵਾਲਾ ਪੈਸਾ

ਨਿੱਕੇ ਹੁੰਦਿਆਂ—ਜਿਹੜੇ ਸਿੱਕੇ ਚਲਦੇ ਸਨ
ਉਹਨਾਂ 'ਚ ਇਕ ਗਲ਼ੀ ਵਾਲਾ ਪੈਸਾ ਹੁੰਦਾ ਸੀ।

ਉਸਦੇ ਚਲੰਤਰੀਆਂ ਨੇ
ਉਸਨੂੰ ਚਲਾਉਣ ਵੇਲੇ
ਕੁਝ ਤਾਂ ਜ਼ਰੂਰ ਸੋਚਿਆ ਹੋਵੇਗਾ ਨਾ!
ਤੇ ਸੋਚ ਕੇ
ਉਹਨਾਂ ਉਸ 'ਚ ਇਕ ਮੋਰੀ ਖਾਲੀ ਥਾਂ ਜਾਂ ਖਲਾਅ ਬਣਵਾਇਆ।

ਸ਼ਾਇਦ ਉਹਨਾਂ ਸੰਕੇਤ ਦਿੱਤਾ—
ਇਹ ਇੱਕ ਨਿੱਕਾ ਸਿੱਕਾ ਹੈ!
ਇਸਦੀ ਹੈਸੀਅਤ ਛੋਟੀ ਹੈ!!

ਪਰ ਇਸਤਰ੍ਹਾਂ ਕਦੇ
ਵੱਡੇ ਕਹਾਉਣ ਤੇ ਸਿੱਕੇ ਚਲਾਉਣ ਵਾਲਿਆਂ
ਦੇ ਹੁਕਮਾਂ ਫ਼ੁਰਮਾਨਾਂ ਨਾਲ ਕਰੰਸੀਆਂ ਨਿਰਧਾਰਤ ਨਹੀਂ ਹੁੰਦੀਆਂ।
ਤੇ ਉਹਨਾਂ ਦੇ ਕਿਹਾਂ ਬਦਲ ਨਹੀਂ ਜਾਂਦੀਆਂ।
ਹਾਂ ਕਦੇ ਕਦੇ ਇਉਂ ਤਾਂ ਬਦਲ ਜਾਂਦੀਆਂ ਹਨ
ਕਿ ਨਿੱਕੇ ਗਲ਼ੀ ਵਾਲੇ ਪੈਸੇ ਕਰੰਸੀਆਂ ਦੇ ਗਲ਼ ਪੈ ਜਾਂਦੇ ਹਨ
ਕੋਈ ਉੱਠਕੇ ਚਿੜੀਆਂ ਤੋਂ ਬਾਜ਼ ਤੁੜਵਾ ਦਿੰਦਾ ਹੈ
ਤੇ ਬਾਜ਼ ਉੱਡਕੇ ਤਾਜਾਂ ਨੂੰ ਵੀ ਪੈ ਜਾਂਦੇ ਹਨ।

ਮੈਂ, ਛੇਦ ਤੇ ਖੇਦ ਭਰੇ
ਨਿੱਕੇ ਨਿਗੁਣੇ ਗਲ਼ੀ ਵਾਲੇ ਪੈਸੇ ਨੂੰ
ਹੁਣ ਜਾਣ ਲੱਗਿਆਂ
ਮਸਾਂ ਭੋਰਾ ਕੁ ਭੇਦ ਪਿਆ ਹੈ
ਕਿ ਕਰੰਸੀਆਂ ਤੇ ਕਿਸਮਤਾਂ ਨੂੰ ਬਦਲਣਾ
ਵੱਡੇ ਕਹਾਉਂਦੇ ਬੰਦਿਆਂ ਦੇ ਵੱਸ ਨਹੀਂ

ਕੌਤਕੀ ਕਰਤਾਰ ਦੇ ਹੱਥ ਵੱਸ ਹੈ।
ਉਸਦੀ ਮਿਹਰੰਮਤ ਹੋਵੇ ਤਾਂ
ਪਿੰਗਲੇ ਵੀ ਪਰਬਤਾਂ ਤੇ।ਚੜ੍ਹ ਸਕਦੇ ਹਨ
ਤੇ ਗਲ਼ੀ ਵਾਲੇ ਵਿਚਾਰੇ ਪੈਸੇ ਵੀ
ਵੱਡੀਆਂ ਕਰੰਸੀਆਂ ਨੂੰ
ਕਮਾਦਾਂ ਵਾਂਗ ਘੜ ਸਕਦੇ ਹਨ।

✵



## ਮੀਤ-ਪਿਆਰਿਆ

ਹੇ ਮਨ! ਮਿੱਤਰ ਪਿਆਰਿਆ
ਤੂੰ ਕਿਓਂ ਆਇਓਂ ਪਰਦੇਸ ?
ਇਕ ਮੋਢੇ ਬਗਲੀ ਲਟਕਦੀ
ਤੇਰੇ ਦੂਜੇ ਨੀਲਾ ਖੇਸ!

ਤੇਰੇ ਖੀਸੇ ਹੀਰੇ ਰਤਨ ਲਾਲ
ਤੈਨੂੰ ਸੂਹੇ ਜੁੜਿਓਨੇ ਵੇਸ।
ਇਹ ਕੇਹੀਆਂ ਭੁੱਖਾਂ ਦਿਲਬਰਾ
ਤੈਨੂੰ ਝੋਰਾ ਰਿਹਾ ਹਮੇਸ਼।

ਮਹਿਰਮ ਮੀਤ ਮਨੋਰਮਾ!
ਤੇਰੀ ਚੱਲੀ ਮੁੱਕ ਵਰੇਸ।
ਤੈਥੋਂ ਇਕ ਟੁੱਕ ਹੋਇਆ ਨਾ ਫ਼ੈਸਲਾ
ਗਿਆ ਚੁਣਿਆ ਨਾ ਸ਼ੇਸ਼ ਵਿਸ਼ੇਸ਼!

ਤੇਰੇ ਮੂੰਹ ਤੇ ਸ਼ਾਹੀਆਂ ਕਾਲੀਆਂ
ਹੇਠਾਂ ਬੱਗੜੇ ਬੱਗੜੇ ਕੇਸ।
ਤੂੰ ਰੰਗਿਆ ਰੰਗ ਕਸੁੰਭੜੇ
ਤੈਨੂੰ ਚੰਬੜੀ ਚੰਦਰੀ ਲੇਸ।

ਜੇ ਸੱਚ ਕਹਾਂ ਮਨ ਮਹਿਰਮਾ
ਤੈਨੂੰ ਲੱਗਣੀ ਵੱਡੜੀ ਠੇਸ।
ਗੁਰ ਰਾਹ ਦੱਸਿਆ ਤੂੰ ਪਇਓਂ ਨਹਿੰ
ਤੈਂ ਕਾਹੇ ਮਿਲੇ ਕਮਲੇਸ਼ ?

✵

## ਕਾਦਰ-ਕੁਦਰਤ

ਇਕ ਦੋ ਵੇਲਾਂ
ਇਕ ਦੋ ਬੂਟੇ
ਅਪਣੇ ਆਂਗਣ ਲਾ।
ਛੱਡ ਦੁਨੀਆਂ ਦੀਆਂ
ਵੱਡੀਆਂ ਆਸਾਂ ਵੱਡੇ ਰਿਸ਼ਤੇ
ਇਹਨਾਂ ਵਿਚ ਘਟਾਅ।

ਨਿੱਕੇ ਨਿੱਕੇ ਇਹ ਫੁੱਲ ਪੱਤੇ
ਇਹ ਕਾਦਰ ਦੀ ਕੁਦਰਤ ਦੇ ਹਨ
ਸੱਚੇ-ਸੁੱਚੇ ਸੁੰਦਰ ਬੱਚੇ
ਇਹਨਾਂ ਨਾਲ ਦੋਸਤੀ ਕਰੀਏ
ਬਾਹੀਂ ਗਲ਼ ਵਿਚ ਪਾ।
ਇਕ ਦੋ ਵੇਲਾਂ.........

ਸੂਰਜ ਹੱਸੇ ਕਿਰਨਾਂ ਹੱਸਣ
ਚੰਨ ਚਮਕੇ ਤੇ ਤਾਰੇ ਡੁਲ੍ਹਕਣ
ਝੂਮ ਝੂਮ ਕੇ ਬੱਦਲ ਬਰਸਣ
ਸਤ-ਰੰਗੀਆਂ ਪੀਂਘਾਂ ਦੇ ਦਰਸ਼ਣ
ਵੇਖ ਕੇ ਮਨ ਵਿਗਸਾਅ!
ਇਕ ਦੋ ਵੇਲਾਂ..........

ਸੁਬਾਹ ਤੋਂ ਪੰਛੀ ਵਾਕ ਉਚਾਰਨ
ਰੰਗਲੇ ਪੰਖ ਤਿਤਲੀਆਂ ਮਾਰਨ
ਬਿੰਡੇ ਆਰਤੀ ਕਿਵੇਂ ਉਤਾਰਨ
ਪੌਣਾਂ ਝੱਲ ਪੱਖੀਆਂ ਦੀ ਮਾਰਨ
ਬੰਦੇ ਨੱਚ ਕਰਿੰਗੜੀ ਪਾ
ਇਕ ਦੋ ਵੇਲਾਂ.............



ਕਾਦਰ ਦੇ ਨਾਲ ਗੰਢੀਏ ਯਾਰੀ
ਕੁਦਰਤ ਕਰੀਏ ਦਿਲੋਂ ਪਿਆਰੀ
ਖ਼ਬਰੇ ਕਿਹੜੇ ਵਕਤ ਤਿਆਰੀ ?
ਚਾਹੀਏ ਬੰਦੇ ਗੱਲ ਵਿਚਾਰੀ
ਕਾਦਰ ਤੇ ਕੁਦਰਤ ਸੰਗ ਰਚੀਏ
ਸਾਹ ਦਾ ਨਹੀਂ ਵਿਸਾਹ!
ਇਕ ਦੋ ਵੇਲਾਂ................

✵

# ਕਲਾਕਾਰ

ਜੋ ਕਲਾ ਦਾ ਹੋਵੇ ਦਿਲੋਂ ਯਾਰ।
ਕਰੇ ਕਲਾ ਨਾਲ ਜੋ ਪਿਆਰ।
ਦੇਵੇ ਕਲਾ ਤੋਂ ਆਪਣਾ ਆਪ ਵਾਰ।
ਉਹ ਕਲਾਕਾਰ! ਉਹ ਕਲਾਕਾਰ!!

ਭਾਵੇਂ ਘਰ ਵੀ ਆਪਣਾ ਭੁੱਲ ਜਾਵੇ।
ਪਰ ਕਲਾ ਦੀ ਤੱਕੜੀ ਤੁਲ ਜਾਵੇ।
ਜੀਹਨੂੰ ਦਿਸੇ ਜੱਗ ਪ੍ਰਵਾਰ ਯਾਰ।
ਉਹ ਕਲਾਕਾਰ!................!!

ਭਾਵੇਂ ਦੁਨੀਆਂ ਦੀ ਨਾ ਹੋਸ਼ ਰਹੇ।
ਕਿਸੇ ਧੁਨ ਦੇ ਵਿਚ ਮਦਹੋਸ਼ ਰਹੇ।
ਪਰ ਦੇਖੇ ਸਮਿਓਂ ਆਰ-ਪਾਰ।
ਉਹ ਕਲਾਕਾਰ!............!!

ਜੋ ਸਮਝੇ ਬੱਦਲ ਵਰ੍ਹ ਰਿਹਾਂ।
ਬਣ ਕਰਤੇ -ਕਤਰਾ ਝਰ ਰਿਹਾਂ।
ਕਰ ਰਿਹਾ ਹਾਂ ਮੈਂ ਕਰਤਾਰ-ਕਾਰ।
ਉਹ ਕਲਾਕਾਰ!................!!

ਜੋ ਸ਼ਾਦ ਭਾਵੇਂ ਨੌਸ਼ਾਦ ਹੋਏ।
ਪਰ ਵਾਂਗੂੰ ਪੌਣ ਆਜ਼ਾਦ ਹੋਏ।
ਖੰਭ ਖੁੱਲ੍ਹੇ ਹੋਵੇ ਉੱਡਣਹਾਰ।
ਉਹ ਕਲਾਕਾਰ!...........!!

ਜੀਹਦੇ ਕੰਠ ਅਣਖ ਦਾ ਗਹਿਣਾ ਹੋਏ।
ਜੀਹਨੇ ਦਰਿਆ ਬਣ ਕੇ ਵਹਿਣਾ ਹੋਏ।
ਜੀਹਤੋਂ ਅਟਕਾਂ ਮੰਨਣਹਾਰ! ਹਾਰ!!
ਉਹ ਕਲਾਕਾਰ!...................!!



# ਯਾਰ ਪਰਿੰਦਿਓ!

ਯਾਰ ਪਰਿੰਦਿਓ!
ਕੀ ਹੋਇਆ ?
ਜੇ ਖੰਭ ਨਿੱਕੜੇ ਹਨ
ਗਗਨ ਵਡੇਰਾ
ਹੋਰ ਉਡਾਰੀ ਭਰੀਏ!!

ਇਕ ਅਸਗਾਹ ਹਵਾ ਦਾ ਸਾਗਰ
ਅੱਗੇ ਵਿੱਛਿਆ
ਹੋਰ ਅਗਾਂਹ ਤਕ ਤਰੀਏ!!!

ਮੁੱਠ ਹੱਡੀਆਂ ਹਨ
ਚੁਲੀ ਲਹੂ ਹੈ
ਸਾਹ ਥੋੜ੍ਹੇ ਹਨ
ਸੱਭੋ ਸੱਚ ਹੈ।
ਫਿਰ ਵੀ ਦਿਲ ਵਿਚ
ਚਿਣਗ ਜਿਹੀ ਜੁ
ਇਸਦਾ ਕੁਝ ਤਾਂ ਕਰੀਏ!
ਹੋਰ ਅਗਾਂਹ ਤਕ ਤਰੀਏ!!

ਝੱਖੜ ਹੁੰਮਸ ਧੁੱਪ-ਕੜਾਕੇ
ਕਹਿਰੀ-ਕੱਕਰ ਸੋਕੇ-ਫਾਕੇ
ਨਾਲ ਨਾਲ ਸਭ ਕੁਝ ਉੱਡਣਾ ਹੈ
ਉੱਡਣਾ ਵੀ ਹੈ ਡਿੱਗਣਾ ਵੀ ਹੈ
ਅਪਣੇ ਤਨ ਦੇ ਖੰਭਾਂ ਵਾਂਗੂੰ।
ਕੀ ਫਿਰ ਇਸਨੂੰ ਦਿਲ ਤੇ ਲਾਉਣਾ ?
ਇਸਦਾ ਫ਼ਿਕਰ ਨਾ ਕਰੀਏ!
ਹੋਰ ਅਗਾਂਹ ਤਕ ਤਰੀਏ!!

ਕਈ ਸਿਤਾਰੇ
ਬੜੇ ਪਿਆਰੇ
ਚਮਕਣ ਦੂਰ-ਦੁਰਾਡੇ
ਇਕ ਰੰਗਾਂ ਦੀ ਲੀਲ੍ਹਾ ਡਲ੍ਹਕੇ
ਆਓ ਇਸ ਨੂੰ ਵਰੀਏ!
ਹੋਰ ਅਗਾਂਹ ਤਕ ਤਰੀਏ!!

'ਮੈਂ' ਅੰਬਰ ਵਿਚ
ਅੰਬਰ 'ਮੈਂ' ਵਿਚ
ਦੋਹਾਂ ਦਾ ਇਕ ਗੂਹੜਾ ਰਿਸ਼ਤਾ
ਇਹ ਰਿਸ਼ਤਾ ਇਕ ਗੁੱਝੀ ਭਟਕਣ
ਛੂਹਣ-ਛੁਹਾਈ ਖੋਜਣ-ਲੱਭਣ
ਇਸਦੇ ਹੁੰਦਿਆਂ ਬਹਿਣ ਕਿ ਜੇਹਾ
ਚਿੱਤ ਕਰੇ ਬਸ ਉੱਡੀਏ! ਉੱਡੀਏ!!
ਉੱਡਦੇ ਉੱਡਦੇ ਮਰੀਏ!!!
ਹੋਰ ਅਗਾਂਹ ਤਕ ਤਰੀਏ!
ਹੋਰ ਉਡਾਰੀ ਭਰੀਏ!!



## ਸੱਜਰੇ ਸ਼ਗੂਫ਼ੇ

ਰੇਤੇ ਤੇ ਛੱਲ ਮਾਹੀਆ!
ਖਾ ਜਾਣੈਂ ਧੰਦਿਆਂ ਨੇ
ਚੱਲ ਮੇਲੇ ਨੂੰ ਚੱਲ ਮਾਹੀਆ!!

ਕੇਹੀ ਕਿਲ੍ਹੇ ਵਿਚੋਂ ਅੱਖ ਵੱਜਦੀ!
ਬਾਝੋਂ ਆਨੰਦਪੁਰ ਦੇ
ਰੂਹ ਰੰਭਦੀ ਏ, ਨਹੀਂ ਰੱਜਦੀ!!

ਕੋਈ ਘੁੰਡ ਵਿਚੋਂ ਅੱਖ ਲਿਸ਼ਕੇ!
ਥੋੜੇ ਘਰ ਪਹੁੰਚਾਂਗੇ
ਜੀ ਅਸੀਂ ਲਿਫ਼ ਲਿਫ਼ ਵਿਛ ਵਿਛ ਕੇ!!

ਧੁੱਪ ਡੁਲ੍ਹ ਗਈ ਬਨ੍ਹੇਰੇ ਤੇ!
ਜੱਗ ਤੇ ਨਾ ਅੱਖ ਠਹਿਰੀ
ਇਕ ਠਹਿਰੀ ਤੇਰੇ ਤੇ!

ਬੱਤੀ ਨਿੰਮੀ ਨਿੰਮੀ ਬਲਦੀ ਏ!
ਜਿਥੇ ਹੋਸ਼ਾਂ ਦੇ ਖੰਭ ਝੜਦੇ
ਓਥੇ ਮਸਤੀ ਈ ਝਲਦੀ ਏ!!

ਡਾਂਗਾਂ ਦੇ ਸੁੰਮ ਮਾਹੀਆ!
ਕੀਤੀਆਂ ਕੀ ਅਣਹੋਣੀਆਂ
ਕਰ ਛੱਡਿਆ ਸੂ ਗੁੰਮ ਮਾਹੀਆ!!

ਰੋਹੀਆਂ 'ਚ ਬਟੇਰਾ ਏ!
ਜੱਗ ਭਾਵੇਂ ਮਿਲੇ ਨਾ ਮਿਲੇ
ਜੀ ਥੋੜਾ ਦਰਸ ਬਥੇਰਾ ਏ!!

ਸਾਨੂੰ ਨੀਲੇ ਦੀਆਂ ਆਹਟਾਂ ਨੇ!
ਇਕ ਤੁਸੀਂ ਨੇੜ ਰਹੋਂ
ਕੇਹੀਆਂ ਲੰਮੀਆਂ ਇਹ ਵਾਟਾਂ ਨੇ ?

ਵਾਏ! ਕੇਹਾ ਆਨੰਦਪੁਰ ਏ ?
ਇਕ ਸਾਨੂੰ ਖ਼ਬਰ ਕਰੀਂ
ਸਾਡਾ ਹੱਸਦਾ ਅੰਬਰਸਰ ਏ ?

ਮਿਹਰਾਂ ਦੀਆਂ ਨਜ਼ਰਾਂ ਨੇ!
ਜ਼ੁਲਮਾਂ ਦੀ ਰਾਤ ਪਿੱਛੋਂ
ਬਸ ਫ਼ਜ਼ਰਾਂ ਹੀ ਫ਼ਜ਼ਰਾਂ ਨੇ!!

ਊਠਾਂ ਦੀ ਮੁਹਾਰ ਰੰਗਲੀ!
ਰੋਟੀ ਦਾ ਫ਼ਿਕਰ ਨਹੀਂ
ਜੀ ਹੱਥ ਰਖਨੈਂ ਰੰਗੀਨ ਵੰਝਲੀ!!

ਪੀਂਘਾਂ ਤੇ ਗੁੱਤ ਖੁੱਲ੍ਹਗੀ!
ਕਿੰਨੀ ਮਹਿੰਗੀ ਜਿੰਦ ਸੀ ਮਿਲੀ
ਸੱਤ ਸਾਗਰਾਂ ਤੋਂ ਪਾਰ ਰੁਲਗੀ!!

ਸੋਹਣੇ ਬੰਬਲ ਨੇ ਖੇਸਾਂ ਦੇ!
ਬੁੱਕਲ 'ਚ ਦੁੱਖ ਬਹੁਤੇ
ਬਹੁਤੇ ਦੁੱਖ ਪ੍ਰਦੇਸਾਂ ਦੇ!!

ਕੂੰਜਾਂ ਖੰਭਾਂ ਨਾਲ ਚੰਗੀਆਂ ਨੇ!
ਜਿਹਨਾਂ ਦੇ ਖੰਭ ਖੋਹ ਲਏ ਮਾਪਿਆਂ
ਪ੍ਰਦੇਸਣਾਂ ਮੰਦੀਆਂ ਨੇ!!

ਨੀਲੀ ਪਗੜੀ ਦਾ ਕਿਆ ਨਖ਼ਰਾ!
ਜੱਗ ਤੋਂ ਨਿਆਰੇ ਸਿੰਘ ਜੀ
ਥੋਡੇ ਪਿਆਰ ਦਾ ਸੁਭਾਅ ਵੱਖਰਾ!!



ਚਿੱਟਾ ਕੁੱਕੜ ਬਨ੍ਹੇਰੇ ਤੇ!
ਕੇਸਰੀ ਦੁਮਾਲੇ ਵਾਲਿਆ
ਦਿਲ ਡੁੱਲ੍ਹਿਆ ਈ ਤੇਰੇ ਤੇ!!

ਉੱਚਾ ਉੱਡ ਵੇ ਦੁਮਾਲੜਿਆ!
ਮਾਹੀ ਜੀ ਦੀ ਯਾਦ ਆਈ
ਸਾਨੂੰ ਕਰਮਾਂ ਵਾਲੜਿਆ!!

ਸਾਨੂੰ ਆਪਣੇ ਬਣਾਈ ਰੱਖਣਾ!
ਗਲੇ ਕਿਰਪਾਨ ਨਾ ਹੋਈ
ਜੀ ਪਟਾ ਪਿਆਰ ਦਾ ਤਾਂ ਪਾਈ ਰੱਖਣਾ!!

ਮਿਹਰਾਂ ਦਾ ਕੀ ਮੁੱਲ ਮਾਹੀਆ!
ਰਹੇ ਨਾ ਜਹਾਨ ਦੇ ਅਸੀਂ
ਕੇਹਾ ਲਾਇਓ ਈ ਟੁੱਲ ਮਾਹੀਆ!!

ਇਕ ਸਾਨੂੰ ਵੀ ਤੀਰ ਦਿਓ!
ਜੀ ਜ਼ੁਲਮਾਂ ਲਈ ਰੋਹ ਮੱਥੇ ਨੂੰ
ਨੈਣੀਂ ਦੁੱਖ ਲਈ ਨੀਰ ਦਿਓ!!

ਉਹਦੇ ਗਲ ਵਿਚ ਗਾਨੀ ਏ!
ਸੋਹਣੇ ਸਾਡੇ ਦੀਨਾ ਸਾਹਿਬ ਦੇ
ਗਲ ਫਤਹਿ ਦੀ ਨਿਸ਼ਾਨੀ ਏ!!

ਗਲ ਗਾਤਰਾ ਤਾਂ ਪਾਈ ਰਖਨੈਂ!
ਪੰਥ ਦੀ ਵੀ ਗੱਲ ਕਰ ਲੈ
ਮੇਰਾ ਸਿਰ ਨਿੱਤ ਖਾਈ ਰੱਖਨੈਂ!

ਕੋਈ ਥੇਹਾਂ ਤੇ ਸ਼ੋਰਾ ਏ!
ਤਖ਼ਤ ਅਕਾਲ ਢਹੇ ਦਾ
ਸਾਨੂੰ ਵੱਡੜਾ ਨਿਹੋਰਾ ਏ!!

ਸਾਨੂੰ ਭੁੱਲਦਾ ਆਨੰਦਪੁਰ ਨਾ!
ਧੱਕੇ ਖਾ ਕੇ ਵੇਖ ਲਿਆ
ਸਾਡਾ ਆਪਣਾ ਤਾਂ ਕੋਈ ਘਰ ਨਾ!!

ਕੂੰਜਾਂ ਦੀ ਕੂਕ ਸੁਣੇ!
ਪੰਥ ਤੋਂ ਘੁੰਮ ਜੋ ਗਏ
ਕੋਈ ਉਹਨਾਂ ਦੀ ਹੂਕ ਸੁਣੇ!!

ਤੇਰੀ ਸੋਹਣੀ ਏ ਮੁੱਛ ਮਾਹੀਆ!
ਚੱਤੋ-ਪਹਿਰ ਪੰਥ ਦੀ ਦੱਸੇਂ
ਵੇ ਕਦੀ ਸਾਡੀ ਵੀ ਪੁੱਛ ਮਾਹੀਆ!!

ਕਿਓਂ ਚੇਤਾ ਭੁੱਲ ਗਏ ਓਂ!
ਸਰਸਾ ਨੂੰ ਤਰਿਆ ਸੀ
ਸਿੱਖੋ! ਰੇਤੇ ਕਿਉਂ ਰੁੱਲ ਗਏ ਓਂ!!

ਤਾਰੇ ਬੁਝ ਬੁਝ ਜਗਦੇ ਨੇ!
ਸੋਹਣੀ ਸੋਹਣੀ ਪੱਗ ਵਾਲੜੇ
ਜੀ ਸਾਡੇ ਕੇਡੇ ਸੋਹਣੇ ਲਗਦੇ ਨੇ!!

ਇਕ ਡੋਬ੍ਹਾ ਸਿਆਹੀ ਦਾ!
ਜ਼ਿੰਦਗੀ 'ਚ ਕੱਖ ਨਾ ਮਿਲੇ
ਮਿਲੇ ਦਰਸ਼ਨ ਮਾਹੀ ਦਾ!!

ਕੋਈ ਸੈਂਤਰ ਵੱਜਦੀ ਏ!
ਉਮਰਾਂ ਲੰਘ ਚੱਲੀਆਂ
ਗੱਲ ਹੋਈ ਨਾ ਚੱਜ ਦੀ ਏ!!

ਬੱਸ ਇਕ ਹੀ ਬਿਨੰਤੀ ਏ!
ਹੋਰ ਕੁਝ ਦਿਓ ਨਾ ਦਿਓ
ਚੋਲਾ ਚਾਹੀਦਾ ਬਸੰਤੀ ਏ!



ਕਿਰਪਾਨ ਦੇ ਕਿਆ ਕਹਿਣੇ!
ਸਾਂਭ ਸਾਂਭ ਰੱਖਿਆ ਕਰੋ
ਇਹਦੀ ਤਾਬਿਆ ਨੇ ਸਭ ਗਹਿਣੇ!!

ਤਾਰੇ ਦੀ ਲੋਅ ਮਾਹੀਆ!
ਅੱਖੀਆਂ ਉਡੀਕਦੀਆਂ
ਕਦੇ ਨੀਲੇ ਨੂੰ ਢੋਅ ਮਾਹੀਆ!!

ਆਨੰਦਪੁਰ ਹੱਸਦਾ ਏ!
ਉੱਜੜਿਆ ਦੋ ਪਲ ਲਈ
ਪਿਆ ਜੁਗੋ-ਜੁਗ ਵੱਸਦਾ ਏ!!

ਕੀ ਸਾਹਵੇਂ ਹਾਥੀ ਏ ?
ਸਿੱਖਾਂ ਜੇ ਬਚਿੱਤਰਾਂ ਦਾ
ਭਲਾ ਸਤਿਗੁਰ ਸਾਖੀ ਏ!!

ਡਰ ਕੋਈ ਵੀ ਨਾ ਰੰਬੀਆਂ ਦਾ!
ਗੁਰੂ ਦਿਆਂ ਬੰਦਿਆਂ ਨੂੰ
ਇਹਨਾਂ ਕੈਦਾਂ-ਬੰਦੀਆਂ ਦਾ!!

ਸਿੱਖ ਇੰਞ ਤੇ ਇਹ ਨਹੀਂ ਮੁੱਕਦੇ!
ਜੜ੍ਹੀਂ ਜਿਹਨਾਂ ਖ਼ੂਨ ਪਿਆ
ਬੂਟੇ ਕਦੇ ਵੀ ਉਹ ਨਹੀਂ ਸੁੱਕਦੇ!!

ਅੱਖਾਂ ਸਾਣ ਤੇ ਨਾ ਲਾਇਆ ਕਰੋ!
ਮਰ ਜਾਂਗੇ ਸਿੱਖ ਬਣ ਕੇ
ਭਵਾਂ ਇਓਂ ਨਾ ਚੜ੍ਹਾਇਆ ਕਰੋ!!

ਮੁੱਠ ਡੁੱਲ੍ਹਗੀ ਮਖਾਣਿਆਂ ਦੀ!
ਸਿੰਘ ਤੁਸੀਂ ਕਾਸਦੇ ਹੋਏ
ਜੇ ਜਰੀ ਗੱਲ ਜਰਵਾਣਿਆਂ ਦੀ!!

ਸਾਨੂੰ ਨੀਹਾਂ ਵਿਚ ਚਿਣ ਵੇਖੋ!
ਜ਼ੁਲਮਾਂ ਦੇ ਗਜ਼ ਮੁੱਕਣੇ
ਸਾਡੇ ਸਿਦਕਾਂ ਨੂੰ ਮਿਣ ਵੇਖੋ!!

ਸਾਡੇ ਗਰਜੇ-ਬੋਤੇ ਨੂੰ!
ਇਕ ਗੱਲ ਕਹਿਣੀ ਲਾਡਲੀ
ਅਸੀਂ ਜਾਗਦੇ ਆਂ ਸੋਤੇ ਨੂੰ!!

ਤੇਰਾ ਰੂਪ ਅਕਾਲੀ ਏ!
ਕਿੰਨਾ ਸੋਹਣਾ ਲੱਗਨਾ ਏਂ
ਪਰ ਅਮਲਾਂ ਤੋਂ ਖਾਲੀ ਏ!!

ਗਲ ਘੁੱਗੀਆਂ ਦੇ ਗਾਨਾਂ ਏ!
ਦਿੱਲੀ ਨਾਲ ਲੱਗੀਆਂ ਨੇ
ਸਾਨੂੰ ਲਾਉਨਾਂ ਬਹਾਨਾ ਏ!!

ਥੋਡੇ ਗਲ 'ਚ ਤਵੀਤੀ ਏ!
ਥੋਡੀਆਂ ਮੁਸਾਫ਼ਰੀਆਂ
ਜਿੰਦ ਤੂੰਬੇ ਕੀਤੀ ਏ!!

ਰੀਝੀਂ ਕੱਢਿਆ ਰੁਮਾਲ ਪਿਆ!
ਅੱਖ ਤਕਦੀਰ ਦੀ ਲੱਗੀ
ਮਾਹੀਆ ਕਿਸੇ ਨੇ ਸੰਭਾਲ ਲਿਆ!!

ਲੁੰਗੀਆਂ ਦੇ ਰੰਗ ਮਾਹੀਆ!
ਅੱਜ ਤਾਂ ਆਉਣਾ ਈ ਏ
ਸਾਡੀ ਕਹਿੰਦੀ ਏ ਵੰਗ ਮਾਹੀਆ!!

ਨੱਕ ਮਛਲੀ ਪਾਈ ਹੋਈ ਆ!
ਕੇਸੀਂ ਨਹਾ ਕੇ ਤੁਸੀਂ
ਕੇਹੀ ਘਟਾ ਚੜ੍ਹਾਈ ਹੋਈ ਆ!!



ਤੁੱਕੇ ਕਿੱਕਰਾਂ ਤੋਂ ਕਿਰਦੇ ਨੇ!
ਜਿਹਨਾਂ ਦੇ ਪਿਆਰ ਵਿੱਛੜੇ
ਹੋਏ ਕਮਲੇ ਫਿਰਦੇ ਨੇ!!

ਅੱਧੀ ਭਰੀ ਵੀ ਸੁਰਾਹੀ ਏ!
ਜੇ ਸਾਨੂੰ ਚਾਹੁੰਨੇ ਓਂ
ਜੀ ਥੋਨੂੰ ਪੀਣਾ ਮਨਾਹੀ ਏ!!

ਖੇਤਾਂ 'ਚ ਕਪਾਹ ਹੱਸਦੀ!
ਹੁੰਦਾ ਮੇਰੇ ਵੱਸ ਮਿੱਤਰਾ
ਮੈਂ ਤੇਰੇ ਨਾਲ ਘੁੱਗ ਵੱਸਦੀ!!

ਪਾਣੀ ਵਿਚ ਸੱਪ ਤਰਦਾ!
ਜੱਗ ਭਾਵੇਂ ਝੋਲ ਪਵੇ
ਜੀ ਸਾਡਾ ਥੋਡੇ ਬਿਨਾਂ ਨਹੀਂ ਸਰਦਾ!!

ਸਾਨੂੰ ਆਪਣੇ ਬਣਾਈ ਰੱਖਣਾ!
ਗੁਨਾਹਗਾਰ ਗੰਨੇ ਪੀੜ ਕੇ
ਸਾਨੂੰ ਗਲ ਨਾਲ ਲਾਈ ਰੱਖਣਾ!!

ਅਸੀਂ ਕੱਚੜੇ ਬਨੇਰੇ ਆਂ!
ਢਹਿ ਪੈਣਾਂ ਚਰਨਾਂ ਤੇ
ਹਾਏ ਸਰਪਰ ਤੇਰੇ ਆਂ!

ਕੇਹਾ ਮਿਲਣ ਸੁਹੇਲਾ ਹੈ!
ਦਿਨ ਜੀ ਆਨੰਦਪੁਰੀਆ
ਸੋਹਣਾ ਲੱਗਦਾ ਮੇਲਾ ਹੈ!!

ਇਸ ਮੇਲੇ ਦਾ ਮੁੱਲ ਕੋਈ ਨਾ!
ਕਲਗੀ ਦੀ ਇਕ ਅਣੀਂ ਦੇ
ਸ਼ੈਅ ਦੁਨੀਆਂ ਵੀ ਤੁੱਲ ਕੋਈ ਨਾ!!

ਕੋਇਲਾਂ ਦੀਆਂ ਕੂਕਾਂ ਨੇ!
ਮਿਲਣੋਂ ਦੂਰ ਰਿਹੋਂ
ਸਾਡੇ ਦਿਲ 'ਚ ਤਾਂ ਹੂਕਾਂ ਨੇ!!

ਤੰਦੂਰੀ ਤਾਈ ਹੋਈ ਆ!
ਇਕ ਵਾਰੀ ਮਿਲ ਜੀ ਪਵੋ
ਜਾਨ ਬੁੱਲ੍ਹੀਆਂ ਤੇ ਆਈ ਹੋਈ ਆ!!

ਲੋਈ ਮੋਢੇ ਤੇ ਫੱਬਦੀ ਏ!
ਨੇਰ੍ਹਿਆਂ 'ਚ ਅੱਖ ਮਾਹੀ ਦੀ
ਬੱਤੀ 'ਟੇਸ਼ਣ ਜਗਦੀ ਏ!!

ਕੇਹੀ ਲਿਸ਼ਕ ਲੁਹਾਂਡੇ ਦੀ!
ਹਿੱਕ ਵਿਚੋਂ ਧੂੰਆਂ ਉੱਠਿਆ
ਪਿੱਠ ਦੇਖੀ ਜਾਂ ਜਾਂਦੇ ਦੀ!!

ਕੋਈ ਪਿੰਡ ਵਿਚ ਰਾਸ ਪਈ!
ਚੰਦ ਚੜ੍ਹੇ ਰਾਤ ਜਿਵੇਂ
ਥੋਡੇ ਆਉਣੇ ਦੀ ਆਸ ਪਈ!!

ਬੇੜੀ ਪਈ ਏ ਸਮੁੰਦਰਾਂ ਤੇ!
ਗਹਿਣਿਆਂ ਦਾ ਜੱਗ ਭਾਇਆ ਨਾ
ਡੁੱਲ੍ਹੇ ਤੇਰੀਆਂ ਮੁੰਦਰਾਂ ਤੇ!!

ਤਾਰਾ ਤੜਕੇ ਡਲ੍ਹਕ ਪਿਆ!
ਕਿਵੇਂ ਪ੍ਰਦੇਸ ਤੁਰੇ
ਦਿਲ ਪੱਥਰਾਂ ਦਾ ਛਲਕ ਪਿਆ!!

ਫੁੱਲ ਰੋ ਪਏ ਪਰਾਂਦੀ ਦੇ
ਮੁੜਕੇ ਜਿਉਂ ਤੱਕਿਆ ਸੂ
ਨੈਣ ਭੁੱਲਦੇ ਨਾ ਜਾਂਦੀ ਦੇ!!



ਚਿਮਟੇ ਦੇ ਫੁੱਲ ਮਾਹੀਆ!
ਤੈਨੂੰ ਅਸਾਂ ਨਹੀਂ ਛੱਡਣਾ
ਭਾਵੇਂ ਜਾਈਏ ਰੁੱਲ ਮਾਹੀਆ!!

ਕੋਇਲਾਂ ਦੀ ਕੂਕ ਕੁੜੇ!
ਬੰਸਰੀ ਬਜਾ ਜਾਣਾ
ਇਹ ਜ਼ਿੰਦਗੀ ਸੀ ਹੂਕ ਕੁੜੇ!!

ਬੇਰੀ ਤੋਂ ਬੇਰ ਝੜੇ!
ਛੜਿਆਂ ਜੇਠਾਂ ਦੇ
ਦੁੱਖ ਬੱਦਲਾਂ ਚੋਂ ਕੌਣ ਫੜੇ ?

ਸੋਹਣੀ ਤਹਿਮਤ ਲਾਈ ਹੋਈ ਆ!
ਕੇਡੇ ਸੋਹਣੇ ਲਗਦੇ ਓਂ
ਸਾਡੇ ਭਾਅ ਦੀ ਬਣਾਈ ਹੋਈ ਆ!!

ਬੱਤਖਾਂ ਦੇ ਪਰ ਚਿਲਕਣ!
ਜਿਹਨਾਂ ਨੂੰ ਨਾ ਯਾਰ ਮਿਲੇ
ਸਾਰੀ ਜ਼ਿੰਦਗੀ ਪਏ ਵਿਲ੍ਹਕਣ!!

ਮੋਟਰ ਨੂੰ ਨੁਕਸ ਪਿਆ!
ਕਿੰਨਾ ਨੀਂ ਸੁਭਾਅ ਅੱਥਰਾ
ਮਾਹੀਆ ਐਵੇਂ ਖੁਣਸ ਪਿਆ!!

ਮੋਢੇ ਫੱਬਦਾ ਖੇਸ ਪਿਆ!
ਮੁੜਦਿਆਂ ਮਰ ਗਈ ਏਂ
ਨੀ ਸਾਨੂੰ ਭੱਠ ਪ੍ਰਦੇਸ ਪਿਆ!!

ਕੋਈ ਅੰਬਰਾਂ 'ਚ ਚੰਨ ਤਰਦਾ!
ਸੁੱਕ ਜੋ ਸਮੁੰਦਰੋ ਵੇ
ਸਾਡਾ ਮਿਲਣੇ ਨੂੰ ਜੀ ਕਰਦਾ!!

ਨਖ਼ਰੇ ਦਾ ਮੁੱਲ ਕੋਈ ਨਾ!
ਯਾਰ ਦਾ ਰੁਮਾਲ ਜ਼ਿੰਦਗੀ
ਦੌਲਤ ਇਹਦੇ ਤੁੱਲ ਕੋਈ ਨਾ!!

ਹੱਥੀਂ ਨਲਕੇ ਦੀ ਟੁੱਟ ਗਈ ਏ!
ਟੁੱਟੀਆਂ ਮੁਲਾਹਜ਼ੇਦਾਰੀਆਂ
ਜਿੰਦ ਧੰਦਿਆਂ 'ਚ ਰੁਲ ਗਈ ਏ!!

ਅਰਬੀ ਦੇ ਮੁੱਢ ਸੁੱਕ ਗਏ!
ਨਾ ਪਿਆਰ ਦੀਆਂ ਗੱਲਾਂ ਮੁੱਕੀਆਂ
ਹਾਏ ਛੁੱਟੀਆਂ ਦੇ ਦਿਨ ਮੁੱਕ ਗਏ!!

ਫੀਤੀ ਮੋਢੇ ਕਿਵੇਂ ਲਾਈ ਹੋਈ ਆ!
ਅੱਗ ਹਾਏ ਤਰੱਕੀਆਂ ਨੂੰ
ਜਿੰਦ ਸੁੱਕਣੇ ਪਾਈ ਹੋਈ ਆ!!

ਚੀਨਾ ਗੁੜ੍ਹਕੇ ਛਤਰੀ ਤੇ!
ਹਾਏ ਮਾਹੀ ਮਰ-ਜਾਣਿਆ
ਕਿਉਂ ਮਰ ਗਿਐਂ ਅਤਰੀ ਤੇ ?

ਤੋਰੀ ਢੱਕ ਉੱਤੇ ਚੜ੍ਹੀ ਹੋਈ ਆ!
ਫੋਟੂ ਸੱਜਣਾਂ ਦੀ
ਅਸਾਂ ਸੀਨੇ ਵਿਚ ਜੜੀ ਹੋਈ ਆ!!

ਲੱਤ ਬਗਲੇ ਦੀ ਪੀਲੀ ਏ!
ਦੱਸੀਂ ਭਾਈ ਬੀਨ ਵਾਲਿਆ
ਕਿੰਞ ਸਪਨੀ ਕੀਲੀ ਏ ?



ਲਾਲ ਬੁੱਲ੍ਹੀਆਂ 'ਚ ਦੰਦ ਹੱਸਦੇ!
ਯਾਰੀਆਂ ਵਿਆਹੀਆਂ ਜਿਹਨਾਂ ਨੇ
ਉਹ ਜੱਗ ਉੱਤੇ ਹੁੱਬ ਵੱਸਦੇ!!

ਕੇਸੂ ਦੇ ਫੁੱਲ ਮਾਹੀਆ!
ਜੋਗੀਆਂ ਦੀ ਜਿੰਦ ਮਹਿੰਗੀ
ਗਈ ਮਿੱਟੀ ਵਿਚ ਰੁੱਲ ਮਾਹੀਆ!!

ਥੋਡੀ ਪਿੰਜਣੀ ਤੇ ਮਨ ਮਰਦਾ!
ਮਿੱਤਰਾਂ ਦੇ ਮੇਲੇ 'ਚੋਂ
ਸਾਡਾ ਜਾਣ ਨੂੰ ਨਾ ਦਿਲ ਕਰਦਾ!!

## ਗ਼ਜ਼ਲ

ਆਹਲਣਿਆਂ ਦੇ ਰੋਂਦੇ ਤੀਲ੍ਹੇ ।
ਉੱਡ ਗਏ ਪੰਛੀ ਰੰਗ-ਰੰਗੀਲੇ ।

ਤੂੰ ਕਾਹਦੇ ਲਈ ਭਰੀਆਂ ਅੱਖਾਂ ?
ਛਲ-ਛਲ ਛਮ-ਛਮ ਰੋਂਦੀਏ ਝੀਲੇ ।

ਅਸੀਂ ਵੀ ਇਉਂ ਸੀ ਉੱਡਣਾ ਚਾਹਿਆ,
ਅੰਬਰ ਦੇ ਵਿਚ ਉੱਡਦੀਏ ਚੀਲ੍ਹੇ ।

ਮੁੱਕ-ਸੁੱਕ ਚੱਲੇ ਸਾਹ ਦੇ ਪਾਣੀ,
ਨਹੀਂ ਭੁੱਲਣੇ ਪਰ ਨੈਣ-ਨਸ਼ੀਲੇ ।

ਉੱਠ ਰਾਤਾਂ ਨੂੰ ਚੇਤੇ ਕਰੀਏ,
ਤੁਰ ਗਏ ਦਿਨ ਚਿੱਟੇ ਚਮਕੀਲੇ ।

ਅਸੀਂ ਗ਼ਰੀਬ ਪਿਆਸੇ ਮਰ ਗਏ,
ਕੋਲੋਂ ਦੀ ਲੰਘ ਗਈਂ ਛਬੀਲੇ ।

ਪਿੱਛੇ ਰਹਿ ਗਏ ਫੁੱਲ ਮੁਸਕਾਨਾਂ,
ਹੁਣ ਅੱਗੇ ਹਨ ਰਾਹ ਪਥਰੀਲੇ ।

ਕਾਮ, ਕ੍ਰੋਧ, ਲੋਭ, ਮੋਹ, ਹੈਂਕੜਾ,
ਨਾਗ ਮਨੁੱਖ ਤੋਂ ਗਏ ਨਾ ਕੀਲੇ ।

ਆਦਤ ਬਣ ਗਈ ਅੱਟਣ ਪੈ ਗਏ,
ਤੁਰੀ ਗਏ ਪਰ ਪੈਰ ਹਠੀਲੇ ।

✻



## ਗ਼ਜ਼ਲ

ਸਾਡੇ ਆਂਗਣ ਆਈਆਂ ਰਾਤਾਂ ਚਾਨਣੀਆਂ।
ਕਿੰਨਾ ਚਿਰ ਜੁ ਧਿਆਈਆਂ ਰਾਤਾਂ ਚਾਨਣੀਆਂ।

ਅਸੀਂ ਉਡੀਕਾਂ ਕਰ ਕਰ ਕੀਕੂੰ ਹੰਭੇ ਸਾਂ,
ਆ ਕੀਕੂੰ ਮੁਸਕਾਈਆਂ ਰਾਤਾਂ ਚਾਨਣੀਆਂ।

ਉਲਝ ਗਿਆ ਦਿਲ ਵਿੰਹਦੇ ਵਿੰਹਦੇ ਕੇਸਾਂ ਵਿਚ,
ਸਰੀਂ ਨਹਾ ਜਦ ਆਈਆਂ ਰਾਤਾਂ ਚਾਨਣੀਆਂ।

ਠੁਰ ਠੁਰ ਕਰਦੀਆਂ ਦਰ ਦੇ ਉੱਤੇ ਆਈਆਂ ਸਨ,
ਤਾਂਹੀ ਤਾਂ ਗਰਮਾਈਆਂ ਰਾਤਾਂ ਚਾਨਣੀਆਂ।

ਤੂੰ ਕੀ ਜਾਣੇਂ ? ਤੇਰੇ ਬਿਨ ਕੀ ਜੀਣ ਰਿਹਾ,
ਹੰਝ ਹੰਝ ਕਿਵੇਂ ਵਹਾਈਆਂ ਰਾਤਾਂ ਚਾਨਣੀਆਂ।

ਮਰ-ਜਾਣੀ ਤੁਰ ਗਈ ਜਵਾਨੀ, ਚਲੀ ਗਈ,
ਕਿਉਂ ਉਹ ਅਸਾਂ ਗਵਾਈਆਂ ਰਾਤਾਂ ਚਾਨਣੀਆਂ।

ਚੰਨ ਜਿਹਨਾਂ ਦੇ ਚੜ੍ਹ ਕੇ ਗੋਡੀ ਮਾਰ ਗਏ,
ਮਸਾਂ ਹੀ ਅਸਾਂ ਵਰਾਈਆਂ ਰਾਤਾਂ ਚਾਨਣੀਆਂ।

ਹਾਲ-ਚਾਲ ਜਦ ਪੁੱਛਿਆ ਠੋਡੀ ਫੜ ਕੇ ਮੈਂ,
ਅੱਖਾਂ ਹੀ ਭਰ ਆਈਆਂ ਰਾਤਾਂ ਚਾਨਣੀਆਂ।

ਕੌਣ ਜਾਣੇਂ ਪ੍ਰਵਾਸੀਆਂ ਵਾਲੇ ਦਰਦਾਂ ਨੂੰ ?
ਕੰਮ ਤੇ ਜਿਹਨਾਂ ਲੰਘਾਈਆਂ ਰਾਤਾਂ ਚਾਨਣੀਆਂ।

ਘੁੰਮ ਘੁੰਮ ਹੋਏ ਪੁਰਾਣੇ ਚੱਲਣ ਵੇਲਾ ਹੈ,
ਕੀ ਖੱਟਿਆ ? ਮੁਸਕਾਈਆਂ ਰਾਤਾਂ ਚਾਨਣੀਆਂ।

ਮੋੜੋਂ-ਖੁੰਝਿਆ ਮਨ-ਮਿੱਤਰਾ ਹੁਣ ਕਿੱਥੇ ਉਹ ?
ਕਿੱਥੇ ਦੂਣ-ਸਵਾਈਆਂ ਰਾਤਾਂ ਚਾਨਣੀਆਂ।

✻

## ਗੀਤ

ਆਵੇ ਰੰਗਲੀ ਜਾਂ ਜਾਮ ਬਿਨਾਂ ਪੀਤਿਆਂ ਨਾ ਸਰੇ!
ਜਿੰਦ ਯਾਰ ਦੇ ਹਵਾਲੇ ਬਿਨਾਂ ਕੀਤਿਆਂ ਨਾ ਸਰੇ!!

ਰਹਿ ਰਹਿ ਜਾਗਦੇ ਨੇ ਰਾਤ ਭਰ ਨੈਣਾਂ ਦੇ ਚਿਰਾਗ਼!
ਮੁੱਕੇ ਹੰਝੂਆਂ ਦਾ ਤੇਲ ਜਾਗੇ ਦਿਲ 'ਚ ਵਿਰਾਗ!
ਸਾਡੀ ਪਲੋ-ਪਲ ਮੁੱਕਦੀ ਏ ਅੱਥਰੀ ਜਵਾਨੀ,
ਅਸੀਂ ਸਮਿਆਂ ਦੇ ਹਾਣੀ ਬਿਨਾਂ ਬੀਤਿਆਂ ਨਾ ਸਰੇ!
ਜਿੰਦ.............................................!!

ਸਾਡੇ ਚੁੱਪ-ਚੁੱਪ ਰੋਹੀਆਂ ਵਿਚ ਫੱਕਰਾਂ ਦੇ ਵਾਸ!
ਆਏ ਗ਼ਮਾਂ ਦੇ ਲੰਗਾਰ ਲੀਰੋ-ਲੀਰ ਹੈ ਲਿਬਾਸ!
ਦੇਵੋ ਆਸ ਵਾਲੀ ਸੂਈ ਤੇ ਦਿਲਾਸਿਆਂ ਦੇ ਧਾਗੇ,
ਸਾਡੀ ਠਰ ਚਲੀ ਜਿੰਦ ਬਿਨਾਂ ਸੀਤਿਆਂ ਨਾ ਸਰੇ!
ਜਿੰਦ.............................................!!

ਸਾਡੇ ਕੰਨਾਂ ਵਿਚ ਗੂੰਜਦੇ ਨੇ ਮਿੱਠੇ ਉਹਦੇ ਬੋਲ!
ਭਾਵੇਂ ਵੱਸੇ ਦੂਰ ਦੂਰ ਪਰ ਰਹੇ ਕੋਲ ਕੋਲ!
ਉਹਦੇ ਪੈਰ ਪੈਰ ਉੱਤੇ ਸਾਨੂੰ ਪੈਂਦੇ ਨੇ ਭੁਲੇਖੇ,
ਉਹਦਾ ਮਿੱਠਾ ਜਿਹਾ ਨਾਂ ਬਿਨਾਂ ਲੀਤਿਆਂ ਨਾ ਸਰੇ!
ਜਿੰਦ.............................................!!

✲



## ਗ਼ਜ਼ਲ

ਨਿੱਕੀਆਂ ਨਿੱਕੀਆਂ ਗੱਲਾਂ ਕਰ।
ਦਿਲ ਜਿਹਨਾਂ ਨਾਲ ਜਾਵੇ ਭਰ।

ਛੱਡ ਕੇ ਤੁਰ ਨਾ ਜਿਉਂਦੇ-ਜੀਅ,
ਕੁਝ ਕਰ ਲੈ ਪਰ ਇਉਂ ਨਾ ਕਰ।

ਦੁੱਖ ਸੁੱਖ ਤਾਂ ਹਨ ਵਗਦੇ ਪਾਣੀ,
ਬੇੜੀ ਬਣ ਇਹਨਾਂ ਨੂੰ ਤਰ।

ਲੰਘ ਜਾਂਦੀਆਂ ਔੜਾਂ-ਥੋੜਾਂ,
ਆਪੇ ਹੀ ਸਭ ਜਾਂਦੈ ਸਰ।

ਮਨ ਡੁੱਬੇ ਤਾਂ ਬੰਦਾ ਡੁੱਬਦੈ,
ਤੂੰ ਬਸ ਮਨ ਨੂੰ ਕਰੜਾ ਕਰ।

ਦੁੱਖ ਤਾਂ ਹਨ ਸਿਰਾਂ 'ਤੇ ਆਏ,
ਸਿੰਘਾਂ ਵਾਂਗੂੰ ਹੱਸ ਕੇ ਜਰ।

ਅਪਣੀ ਤਾਂ ਹੈ ਹਰ ਕੋਈ ਹਰਦਾ,
ਪੀੜ ਪਰਾਈ ਨੂੰ ਤੂੰ ਹਰ।

ਜਣੇ-ਖਣੇ ਦਾ ਭਰ ਨਾ ਪਾਣੀ,
ਇਕ ਅਕਾਲ ਦਾ ਪਾਣੀ ਭਰ।

ਜਦ ਹੈ ਸਰਪਰ ਮਰਨਾ ਹੀ,
ਫੇਰ ਮਰਨ ਦਾ ਕਾਹਦਾ ਡਰ ?

ਢਲੀ ਦੁਪਹਿਰ ਪੈ ਗੀਆਂ ਸ਼ਾਮਾਂ,
ਮਹਿਰਮ-ਬੱਦਲਾ!ਹੁਣ ਤਾਂ ਵਰ੍ਹ!!

✲

# ਵਹੁਟੀ

ਵਹੁਟੀ—
ਕੋਈ ਇਲਾਹੀ ਬੂਟਾ!
ਵਹੁਟੀ—
ਕੋਈ ਸੁਰਗ ਦਾ ਝੂਟਾ!!

ਜਿਊਣ ਵਹੁਟੀਆਂ ਇਹਨਾਂ ਦੇ ਘੁੰਡ
ਮਹਿੰਦੀ ਰੰਗੇ ਪੱਬ ਰੰਗੀਲੇ।
ਜਿਊਣ ਇਹਨਾਂ ਦੇ ਨਜ਼ਰਾਂ-ਨਖ਼ਰੇ
ਜਿਊਣ ਇਹਨਾਂ ਦੇ ਨੈਣ-ਨਸ਼ੀਲੇ।

ਵਹੁਟੀਆਂ ਬਾਝੋਂ ਇਹ ਰੰਗਲਾ ਜੱਗ
ਸੱਖਣਾ ਸੁੰਨ-ਸਰਾਂ ਹੋਵੇਗਾ।
ਜਿਸਚੋਂ ਸਭ ਲੋਕੀਂ ਲੱਦ ਜਾਵਣ
ਸੁੰਨਾ ਇਕ ਗਰਾਂ ਹੋਵੇਗਾ।

ਵਹੁਟੀਆਂ ਭਾਵੇਂ ਝਿੜਕਣ ਚੀਕਣ।
ਵਹੁਟੀਆਂ ਬਹਿ ਬਹਿ ਫੇਰ ਉਡੀਕਣ।
ਵਹੁਟੀਆਂ ਦੀਆਂ ਵੀ ਕੀ ਹਨ ਬਾਤਾਂ!
ਤਾਰਿਆਂ ਜੜੀਆਂ ਇਹ ਹਨ ਰਾਤਾਂ!!

ਵਹੁਟੀਆਂ ਸਾਡੇ ਦੁੱਖ ਵੰਡਾਵਣ।
ਵਹੁਟੀਆਂ ਸਾਡਾ ਜੀਅ ਲਵਾਵਣ।
ਵਹੁਟੀਆਂ ਸਾਡੇ ਕੱਪੜੇ ਧੋਵਣ
ਕਦੇ ਕਦੇ ਸੁੱਕਣੇ ਵੀ ਪਾਵਣ!!

ਵਹੁਟੀਆਂ ਸਾਡੇ ਪੱਖ ਵੀ ਪੂਰਨ।
ਵਹੁਟੀਆਂ ਜੱਗ ਤੋਂ ਲੁਕ ਲੁਕ ਘੂਰਨ।
ਵਹੁਟੀਆਂ ਦੇ ਨਾਲ ਦੁੱਖ-ਸੁੱਖ ਕਰੀਏ!
ਨਾ ਚਾਹੁੰਦੇ ਵੀ ਪਾਣੀ ਭਰੀਏ!!



ਵਹੁਟੀਆਂ ਨੇ ਚਿੱਤਕਬਰੀਆਂ ਛਾਂਵਾਂ।
ਇਹ ਸਾਡੇ ਬੱਚਿਆਂ ਦੀਆਂ ਮਾਂਵਾਂ।
ਵਹੁਟੀਆਂ ਨਾਲ ਹੀ ਸਜਦੇ ਵਿਹੜੇ!
ਵਹੁਟੀਆਂ ਨਾਲ ਹੀ ਰੌਣਕ-ਖੇੜੇ!!

ਵਹੁਟੀਆਂ ਨਾਲ ਹੀ ਮੰਗਲ ਮੇਲੇ
ਵਹੁਟੀਆਂ ਨਾਲ ਹੀ ਛੁਹਣ-ਛੁਹਾਈ।
ਵਹੁਟੀਆਂ ਨਾਲ ਵਫ਼ਾ ਦੇ ਵਾਅਦੇ
ਇਹਨਾਂ ਨਾਲ ਹੀ ਬੇਵਫ਼ਾਈ।

ਵਹੁਟੀਆਂ ਦੇ ਸੰਗ ਡੂੰਘੇ ਹੇਤ।
ਵਹੁਟੀਆਂ ਸੰਗ ਸਾਂਝੇ ਬਹੁੰ ਭੇਤ।
ਸਦਾ ਇਹ ਹੱਸਦੀਆਂ ਵਸਦੀਆਂ ਰਹਿਣ!
ਸਾਨੂੰ ਸੁਣਨ ਤੇ ਦਸਦੀਆਂ ਰਹਿਣ!!

ਅਸੀਂ ਇਹਨਾਂ ਦੀ ਨਜ਼ਰ-ਧੂੜ ਹਾਂ
ਵਹੁਟੀਆਂ ਦੇ ਹਰਜਾਈ ਬੰਦੇ!
ਸਦਾ ਇਹਨਾਂ ਦੇ ਦੇਣਦਾਰ ਹਾਂ
ਵਹੁਟੀਆਂ ਦੇ ਕਰਜ਼ਾਈ ਬੰਦੇ!!

✵

## .ਗ਼ਜ਼ਲ

'ਕੱਠੇ ਹੋਵਣ ਦਫ਼ਤਰ-ਘਰ।
ਬੰਦਾ ਜਾਂਦੈ ਅੱਧਾ ਮਰ।

ਚੁਹਲ-ਮੁਹਲ ਤੇ ਮੌਜ ਬਹਾਰਾਂ,
ਕਾਲ਼ੇ ਪੱਤਣੀ ਜਾਂਦੇ ਤਰ।

ਸਿਰ ਉੱਤੇ ਪਤਨੀ ਦਾ ਪਹਿਰਾ,
ਨੂੰਹ-ਪੁੱਤਾਂ ਦੇ ਵੱਖਰੇ ਡਰ।

ਨੀਵੇਂ - ਧੀਮੇ ਕਰਦਾ ਫ਼ੋਨ,
ਨਸ਼ਰ ਨਾ ਹੋ ਜੇ ਕੋਈ ਖ਼ਬਰ।

ਮਿੱਤਰ ਦੋਸਤ ਕੂਕਣ ਕਲਪਣ,
ਇਹਦਾ ਤਾਂ ਬਸ ਗਿਆ ਹੈ ਸਰ।

ਦੁੰਬ ਦਬਾ ਘਰ ਕਰੇ ਗੁਜ਼ਾਰਾ,
ਨਿਕਲੇ ਬਾਹਰ ਤਾਂ ਵੱਡਾ ਨਰ।

ਲੋਕੀ ਤਰ ਤੇ ਨੂਣ ਘਸਾਉਂਦੇ,
ਨੂਣ ਉੱਤੇ ਪੈ ਜਾਂਦੀ ਤਰ।

ਸੌ ਘੜੇ ਸਿਰ ਪੈਂਦਾ ਪਾਣੀ,
ਮੱਘਦਾ ਕੋਲਾ ਜਾਂਦਾ ਠਰ।

ਮੁੱਕਣ ਹਾਸੇ ਰੰਗ-ਤਮਾਸ਼ੇ,
ਗ਼ਮ ਨਾ ਕਰ ਭਈ ਕੀਤਾ ਭਰ।

ਗੁਜ਼ਰ ਗਏ ਨਹੀਂ ਮੁੜਨੇ ਦਿਨ,
ਕਰੀਆਂ ਬਣੀਆਂ ਹੱਸ ਕੇ ਜਰ।

ਬਹੁਤ ਚਰ ਲੀਆਂ ਹਰੀਆਂ ਹਰੀਆਂ,
ਬੰਦਿਆ ਬਹਿ ਹੁਣ ਹਰਿ ਹਰਿ ਕਰ।

✵



## ਜਲੰਧਰ

ਉਹ ਉੱਡ-ਪੁੱਡ ਗਿਆ ਜ਼ਮਾਨਾ!
ਮੈਨੂੰ 'ਵਾਜ਼ ਜਲੰਧਰ ਮਾਰੇ—
ਮੈਂ ਆਖਾਂ—ਆਨਾਂ! ਆਨਾਂ!!

ਮੇਰੇ ਦਿਲ ਵਿਚ ਵਸੇ ਜਲੰਧਰ
ਜਿਥੇ ਅਦਬੀ ਯਾਰ ਪਿਆਰੇ।
ਜਿਹਨਾਂ ਪੰਥ-ਪ੍ਰੇਮ ਦੀਆਂ ਝੋਕਾਂ
ਜਿਹਨਾਂ ਕਲਮੀਂ ਬੋਲ ਕਰਾਰੇ।

ਉਹ ਸਿੱਧੀਆਂ ਸਿੱਧੀਆਂ ਪੱਗਾਂ
ਉਹ ਚੂੜੀਦਾਰ ਪਜਾਮੇ।
ਉਹ ਅਚਕਨਾਂ ਚਸ਼ਮਿਆਂ ਵਾਲੇ
ਸਾਡੇ ਪੱਤਰਕਾਰ ਪਿਤਾਮੇ।

ਉਹ ਭੋਲ਼ੇ ਦਿਸਦੇ ਲਾਲੇ
ਕੈਬਨ 'ਚੋਂ ਤੀਰ ਚਲਾਉਂਦੇ।
ਤੇ ਪੰਥਕ ਮਿੱਤਰ ਮਿਆਰੇ
ਫਿਰ ਦੂਣੀ ਭਾਜੀ ਪਾਉਂਦੇ।

ਅਖ਼ਬਾਰੀ ਨੋਕਾਂ - ਝੋਕਾਂ
ਹਾਏ! ਉਹ ਜਬਾਬੀ ਲੜੀਆਂ।
ਸਾਡੇ ਦਿਲ 'ਚੋਂ ਕਦੇ ਨਾ ਲੱਥੀਆਂ
ਤਸਵੀਰਾਂ ਸ਼ੀਸ਼ੇ ਜੜੀਆਂ।

ਉਹ ਭੱਜ ਭੱਜ ਪੌੜੀਆਂ ਚੜ੍ਹਨਾ
ਉਹ ਸੁਰਗਾਂ ਜਿਹੇ ਚੁਬਾਰੇ।
ਅਸੀਂ ਚੜ੍ਹਦੇ ਕਦੇ ਨਾ ਥੱਕੀਏ
ਉੱਤੇ ਮਿਲਣ ਜੇ ਮਿੱਤਰ-ਪਿਆਰੇ।

ਉਹ ਮੇਜ਼ ਕੰਤਰਾਂ ਵਿਛੀਆਂ
ਉਹ ਅਜਬੀ ਜਿਹੇ ਖਿਲਾਰੇ।
ਚਾਹ-ਚੁਸਕੀਆਂ ਅਤੇ ਲਤੀਫ਼ੇ
ਉਹ ਹਾਸਿਆਂ ਭਰੇ ਫੁਹਾਰੇ।

ਉਹ ਸ਼ਾਮੀਂ ਖਾਣੇ-ਪੀਣੇ
ਉਹ ਸੜਕੀਂ ਫੇਰੇ-ਗੇੜੇ।
ਹੁਣ ਦੂਰ ਹੋਗੀਆਂ ਵਾਟਾਂ
ਪਰ ਦਿਲ ਦੇ ਨੇੜੇ-ਨੇੜੇ।

ਉਹ ਛਾਪੇਖਾਨੇ ਦੇ ਖੜਕੇ
ਉਹ ਕਾਹਲੇ ਕਿਰਤੀ-ਕਾਮੇ।
ਸਾਡੇ ਨਾਲ ਨਾਲ ਹੀ ਤੁਰਨੇ
ਭਾਵੇਂ ਲੱਖ ਬਦਲੀਏ ਜਾਮੇ।

ਉਹ ਚੜ੍ਹਦੇ ਪਹੁ-ਫੁਟਾਲੇ
ਤੇ ਉਹ ਤਾਜ਼ਾ ਅਖ਼ਬਾਰਾਂ।
ਉਹ ਫੁਟਪਾਥਾਂ ਤੇ ਮੇਲੇ
ਮੈਂ ਯਾਦੀਂ ਅਜੇ ਨਿਹਾਰਾਂ।

ਹੁਣ ਬੁੱਢੇ ਬਾਗ਼-ਬਗੀਚੇ
ਰੁੱਖ ਮੁਰਝਾਏ ਮਰ-ਜਾਣੇ।
ਜਿਹਨਾਂ ਦੇ ਤਣਿਆਂ ਵਿਚ ਵਸਦੇ
ਉਹ ਰੰਗਲੇ ਦਿਹੁੰ ਪੁਰਾਣੇ।

ਪਰ ਉੱਡ-ਪੁੱਡ ਗਿਆ ਜ਼ਮਾਨਾ।
ਤੇਰੀ ਯਾਦ 'ਚ ਗੋਤੇ ਖਾਨਾਂ।
ਇਕ ਵੇਰ ਤਾਂ ਆਖ ਜਲੰਧਰ
ਮੈਂ ਭਲਕੇ ਹੀ ਆ ਜਾਨਾਂ।
ਮੇਰੇ ਚਿਰੀਂ-ਵਿਛੁੰਨਿਆਂ ਯਾਰਾ
ਤੈਨੂੰ ਧਾਅ ਗਲਵੱਕੜੀ ਪਾਨਾਂ।



## ਗ਼ਜ਼ਲ

ਮੌਸਮ ਉਦਾਸ ਹੈ ਜਿਵੇਂ ਧੀਆਂ ਉਦਾਸ ਨੇ।
ਦੁਨੀਆਂ ਦੇ ਅਜਬ ਸਿਲਸਿਲੇ ਕਿਸਨੂੰ ਇਹ ਰਾਸ ਨੇ ?

ਦੁੱਖ ਦੀ ਤਾਂ ਧੁੱਪ ਹੀ ਧੁੱਪ ਹੈ, ਸੁੱਖ ਦੀ ਨਾ ਕਿਧਰੇ ਛਾਂ,
ਲੰਘਦੇ ਥਲਾਂ 'ਚੋਂ ਹੌਂਸਲੇ ਪਾਉਂਦੇ ਗਏ ਲਾਸ ਨੇ।

ਸਭ ਫ਼ਲਸਫ਼ੇ ਮਜ਼ਮੂਨ ਤੇ ਉਹ ਗ੍ਹਹਿਣ ਕੀਤੇ ਗਿਆਨ,
ਬੰਦੇ ਤੋਂ ਕਿੰਨੇ ਦੂਰ, ਹਾਂ ਆਖਣ ਨੂੰ ਪਾਸ ਨੇ।

ਕਿੱਥੇ ਜੰਮੇ ਕਿੱਥੇ ਪਲੇ ਰੁਲਦੇ ਹਾਂ ਦਰ-ਬ-ਦਰ,
ਡਾਕਖਾਨੇ ਕਹਿਣ ਨੂੰ ਸਾਡੇ ਊਂ ਖਾਸ ਨੇ।

ਬਣਕੇ ਭਿਖਾਰੀ ਆਪ ਹੀ ਤਾਂ ਤੁਰੇ ਸਾਂ ਪ੍ਰਦੇਸ ਨੂੰ,
ਮੰਗਦੇ ਹੀ ਅਸਾਂ ਲਏ ਇਹ ਆਪੂੰ ਬਨਵਾਸ ਨੇ।

ਇਕ ਮ੍ਰਿਗ-ਤ੍ਰਿਸ਼ਨਾ ਕਿਸਤਰ੍ਹਾਂ ਪੱਟ ਕੇ ਅਸਾਨੂੰ ਲੈ ਗਈ,
ਤਾਹੀਏਂ ਤਾਂ ਅੱਜ ਇਹ ਅਸਾਂ ਦੇ ਰੋਹੀਆਂ 'ਚ ਵਾਸ ਨੇ।

ਐ ਦਿਲਾ! ਕਰ ਨਾ ਗਿਲਾ ਹੁਣ ਨਾ ਉਡੀਕੀਂ ਦਿਲਬਰੀ,
ਅਪਣੇ ਹੀ ਖੰਭੀਂ ਉੱਡ ਤੂੰ ਜਿੰਨਾ ਚਿਰ ਸਾਸ ਨੇ।

✡

## ਘੁੱਗੂ-ਘੋੜੇ

ਨਿੱਕੇ ਹੁੰਦਿਆਂ
ਮੈਂ ਤੇ ਮੇਰੀ ਭੈਣ
ਘੁੱਗੂ-ਘੋੜੇ ਵਾਹੁੰਦੇ-ਬਣਾਉਂਦੇ ਸਾਂ।

ਮੈਂ ਵੱਡਾ ਸਾਂ
ਤੇ ਸਕੂਲ ਜਾਣ ਲੱਗਿਆ ਸਾਂ
ਮੈਂ ਸਲੇਟ ਉੱਤੇ
ਸਲੇਟੀ ਨਾਲ ਘੁੱਗੂ-ਘੋੜੇ ਵਾਹੁੰਦਾ ਸਾਂ।

ਭੈਣ ਨਿੱਕੀ ਸੀ
ਸਕੂਲ ਜਾਣ ਨਹੀਂ ਲੱਗੀ ਸੀ
ਉਹ ਵਿਹੜੇ ਵਿਚ ਰੇਤੇ ਉੱਤੇ
ਜਾਂ ਜਦੋਂ ਮਾਂ ਲੇਪਾ-ਪੋਚਾ ਕਰਦੀ ਸੀ
ਉਸ 'ਚੋਂ ਮਿੱਟੀ ਲੈ ਕੇ
ਘੁੱਗੂ-ਘੋੜੇ ਬਣਾਉਂਦੀ ਹੁੰਦੀ ਸੀ।

ਘੁੱਗੂ-ਘੋੜੇ
ਭੈਣ ਨੂੰ ਵੀ ਪਿਆਰੇ ਲਗਦੇ ਸਨ
ਤੇ ਮੈਨੂੰ ਵੀ।
ਦੁਨੀਆਂ ਦੀਆਂ ਵੱਡੀਆਂ ਵੱਡੀਆਂ
ਕੁੱਲ ਚੀਜ਼ਾਂ ਤੋਂ ਵੱਧ ਪਿਆਰੇ।
ਕਿਉਂਕਿ ਉਹਨਾਂ ਨੂੰ ਅਸੀਂ ਆਪ ਬਣਾਉਂਦੇ ਸਾਂ।

ਫਿਰ ਵਕਤ ਤੁਰਦਾ ਗਿਆ
ਅਸੀਂ ਵੱਡੇ ਹੁੰਦੇ ਗਏ
ਮੈਂ ਨੌਕਰੀਆਂ ਦੇ ਚੱਕਰ 'ਚ ਪੈ
ਸ਼ਹਿਰੀਂ ਨਿਕਲ ਗਿਆ
ਭੈਣ ਇਕ ਲਾਗਲੇ ਪਿੰਡ ਵਿਆਹੀ ਗਈ।



ਉਸ ਦੇ ਦੋ ਬੱਚੇ ਹੋਏ
ਕੰਤਾ ਤੇ ਦੀਪੀ।
ਦੋਵੇਂ ਕੱਚੀਆਂ ਪੱਕੀਆਂ ਜਮਾਤਾਂ 'ਚ
ਸਕੂਲ ਜਾਣ ਲੱਗੇ ਸਨ।

ਇਕ ਦਿਨ ਭੈਣ ਦੇ ਸਹੁਰੇ ਪਿੰਡ
ਥੋੜ੍ਹੀ ਦੇਰ ਰੁਕਣ ਦਾ ਇਤਫ਼ਾਕ ਹੋਇਆ
ਚਾਹ-ਪਾਣੀ ਪੀਤਾ
ਸੁਖ-ਸਾਂਦ ਪੁੱਛਣ ਪਿੱਛੋਂ ਹੋਰ ਗੱਲਾਂ ਵੀ ਹੋਈਆਂ
ਨਿਆਣੇ ਕਿਧਰੇ ਨਜ਼ਰੀਂ ਨਾ ਪਏ।

ਮੈਂ ਭੈਣ ਨੂੰ ਪੁੱਛਿਆ—
ਭੈਣੇ! ਨਿਆਣੇ ਕਿੱਧਰ ਗਏ ਹਨ ?
ਖੜ੍ਹ ਜਾਹ ਵੀਰਾ
ਮੈਂ ਵੇਖ ਕੇ ਲਿਆਉਨੀ ਆਂ! ਉਸ ਕਿਹਾ।

ਥੋੜ੍ਹੀ ਦੇਰ ਪਿੱਛੋਂ ਉਹ ਮੁੜ ਆਈ
ਵੀਰਾ! ਨਿੰਮ ਥੱਲੇ ਬੈਠੇ
ਘੁੱਗੂ-ਘੋੜੇ ਬਣਾਉਂਦੇ ਹਨ।
ਉੱਠਣ ਦਾ ਨਾਂ ਨਹੀਂ ਲੈਂਦੇ।

ਮੈਂ ਪਰਤਣਾ ਸੀ
ਪਰ ਸਾਰੀ ਵਾਟ
ਉਸ ਦਿਨ ਮੈਂ ਘੁੱਗੂ-ਘੋੜਿਆਂ ਬਾਰੇ
ਸੋਚਦਾ ਚਲਾ ਆਇਆ।

ਕਿੰਨੇ ਹੀ ਵਰ੍ਹੇ ਲੰਘਦੇ ਗਏ
ਸਮਾਂ ਖੂਹ ਵਾਂਗ ਗਿੜਦਾ ਰਿਹਾ

ਮੇਰਾ ਬਾਹਰ ਦਾ ਅੰਨ-ਜਲ ਬਣ ਗਿਆ
ਸਮੇਂ ਦੇ ਬਲਵਾਨ ਗੇੜ ਵਿਚ
ਮੈਂ ਬੁੱਢਾ ਹੋ ਗਿਆ ਸਾਂ
ਭੈਣ ਵੀ ਬੁੱਢੀ ਹੋ ਗਈ ਸੀ
ਭਾਣਜੀ ਦੀਪੀ ਵਿਆਹੀ ਗਈ ਸੀ
ਕੰਤੇ ਦੇ ਨਿਆਣੇ ਰਾਜੂ ਤੇ ਪੰਮੀ
ਸਕੂਲ ਜਾਣ ਲੱਗੇ। ਸਨ।

ਇਕ ਦਿਨ ਮਨ ਭਰਿਆ ਸੀ
ਮੈਂ ਭੈਣ ਘਰ ਫ਼ੋਨ ਕੀਤਾ
ਬੀਮਾਰ ਭੈਣ ਮੰਜੇ ਨਾਲ ਮੰਜਾ ਹੋਈ ਪਈ ਸੀ
ਫ਼ੋਨ ਕੰਤੇ ਨੇ ਚੁੱਕਿਆ
ਭੈਣ ਦੀ ਖੰਘ ਫ਼ੋਨ 'ਚੋਂ ਸਾਫ਼ ਸੁਣਦੀ ਸੀ।
ਕਬੀਲਦਾਰੀ ਸਾਕ-ਸਕੀਰੀਆਂ ਤੇ ਹੋਰ ਗੱਲਾਂ ਹੋਈਆਂ
ਉਸਨੂੰ ਤਾਂ ਚੰਗਾ ਸੁਣਦਾ ਵੀ ਨਾ ਸੀ
ਤੇ ਨਾ ਉਸਦੀ ਸੁਰਤੀ ਹੀ ਕਾਇਮ ਸੀ।
ਉਹ ਡੁਸਕਣ ਲੱਗੀ।
ਮੈਂ ਕਿਹਾ—ਭੈਣੇ! ਦਿਲ ਹੌਲਾ ਨਾ ਕਰ।
ਉਸਨੇ ਸ਼ਾਇਦ ਸੁਣਿਆ ਵੀ ਨਹੀਂ ਸੀ
ਤੇ ਫ਼ੋਨ ਕੰਤੇ ਨੇ ਲੈ ਲਿਆ।
ਇਕ ਅੱਧ ਗੱਲ ਮਗਰੋਂ ਮੈਂ ਪੁੱਛਿਆ—
ਰਾਜੂ ਤੇ ਪੰਮੀ ਕਿਵੇਂ ਹਨ ? ਕਿੱਥੇ ਹਨ ?
ਮਾਮਾ! ਠਹਿਰ ਮੈਂ ਬਾਹਰ ਵੇਖਦਾਂ।
ਥੋੜ੍ਹੀ ਦੇਰ ਬਾਅਦ ਅਟਕ ਕੇ ਉਹ ਬੋਲਿਆ—
ਮਾਮਾ ਟੈਲੀਫੋਨ ਕਾਹਨੂੰ ਲੰਮਾ ਕਰਨਾ ਹੈ
ਉਹ ਬਾਹਰ ਵੀਹੀ ਵਿਚ
ਘੁੱਗੂ-ਘੋੜੇ ਬਣਾਉਂਦੇ ਹਨ।



ਘੁੱਗੂ-ਘੋੜੇ ?
ਅਵਾਕ ਹੀ ਮੇਰੇ ਮੂੰਹੋਂ ਨਿਕਲਿਆ।
ਤੇ ਫਿਰ ਇਕ ਆਵਾਜ਼
ਮਨ ਦੇ ਖੂਹ 'ਚੋਂ ਉੱਠ ਕੇ
ਸਿਰ ਦੀ ਮੌਣ ਨਾਲ ਜਾ ਟਕਰਾਈ—
ਜ਼ਿੰਦਾਬਾਦ!
ਜ਼ਿੰਦਗੀ!! ਜ਼ਿੰਦਾਬਾਦ!!!

✵

## ਰਾਹ

ਹੁਣ ਜਦ ਉਹ ਰੂਬਰੂ ਹੁੰਦੇ ਹਨ
ਹਵਾ ਵਿਚ ਬੰਸਰੀ ਨਹੀਂ ਵਜਦੀ
ਦੀਵਾਰ ਖੜ੍ਹੀ ਹੋ ਜਾਂਦੀ ਹੈ।
ਜਿਸਦੇ ਆਰ-ਪਾਰ
ਉਹਨਾਂ ਦੇ ਬੁੱਲ੍ਹ ਫਰਕਦੇ ਹਨ
ਪਰ ਬੋਲ ਮਰ ਜਾਂਦੇ ਹਨ!!

ਉਹਨਾਂ ਦੀਆਂ ਅੱਖਾਂ ਵਿਚੋਂ ਡਿੱਗ ਕੇ
ਹੰਝੂ ਖ਼ੁਦਕੁਸ਼ੀ ਕਰ ਜਾਂਦੇ ਹਨ।
ਤੇ ਉਹਨਾਂ ਦੇ ਬੁੱਤ ਧੌਲਰ ਬਣ ਜਾਂਦੇ ਹਨ!!
ਜਿਹਨਾਂ ਦੀਆਂ ਮਮਟੀਆਂ ਤੇ ਹੁਣ
ਕਹਿਕਹਿਆਂ ਦੇ ਚੀਨੇ ਕਬੂਤਰ ਗੁਟ੍ਹਕਦੇ ਨਹੀਂ
ਮਹਿਜ਼ ਵਿਰਲਾਪ ਕਰਦੇ ਹਨ।
ਤੇ ਜਿਹਨਾਂ ਦੀਆਂ ਛੱਤਾਂ ਤੇ ਬੈਠੇ ਮੁਹੱਬਤ ਦੇ ਮੋਰ
ਅੱਜ ਕੱਲ ਵਿਸ਼ਵਾਸ ਦੀ ਰੰਗਲੀ ਪੈਲ੍ਹ ਨਹੀਂ ਪਾਉਂਦੇ
ਬਸ ਉਦਾਸ ਬੈਠੇ ਕਦੇ-ਕਦਾਈਂ ਕੂਕਦੇ ਹਨ!!

ਕਦੇ ਕਦੇ ਹਵਾ ਦੀ ਕੰਧ ਸਰਕਦੀ ਹੈ
ਤੇ ਉਹ ਅਜਨਬੀਆਂ ਵਾਂਗ
ਇਕ ਦੂਸਰੇ ਵੱਲ ਖਾਲੀ ਖਾਲੀ ਤੱਕਦੇ ਹਨ।
ਤੇ ਆਪੋ ਆਪਣੇ ਰਾਹਾਂ ਵੱਲ ਚੁੱਪ-ਚਾਪ ਤੁਰ ਜਾਂਦੇ ਹਨ
ਰਾਹ—
ਜੁ ਮਿਲਕੇ ਵਿੱਛੜ ਜਾਣ ਲਈ ਬਣੇ ਸਨ
ਫਿਰ ਮਿਲਣ ਲਈ ਨਹੀਂ।

✵



## ਛੱਕ-ਛੱਕ

ਕਦੇ ਕਦੇ
ਉਸਨੂੰ ਆਪਣਾ ਆਪਾ
ਇਕ ਇੰਜਣ ਵਰਗਾ ਲਗਦਾ
ਤੇ ਉਹ ਆਪਣੇ ਆਪ ਨੂੰ
ਬਠਿੰਡੇ ਦੇ ਜੰਕਸ਼ਨ ਵਿਚ
ਘਿਰਿਆ ਹੋਇਆ ਮਹਿਸੂਸ ਕਰਦਾ।
ਛੱਕ-ਛੱਕ ਕਰਦਾ ਸੋਚਦਾ
ਕਿ ਹੁਣ ਕਿਹੜੀ ਲਾਈਨ 'ਤੇ ਪੈਣਾ ਹੈ
ਹੁਣ ਜਾਣਾ ਕਿੱਧਰ ਨੂੰ ਹੈ ?

ਦੁਨੀਆਂ ਦਾ ਬਠਿੰਡਾ
ਇੰਜਣ ਦੀ ਬੁੱਢੀ ਉਮਰ
ਤੇ ਨਵਾਂ ਹੋ ਗਿਆ ਸਭੋ ਕੁਝ।

ਸੱਤ ਸਮੁੰਦਰ ਹੁੰਘਾਲਕੇ
ਜੰਗਾਲਿਆ ਇੰਜਣ
ਅਜੇ ਵੀ ਮਾਨਸਿਕ ਤੌਰ ਤੇ
ਬਠਿੰਡੇ ਦੇ ਜੰਕਸ਼ਨ ਵਿਚ ਵਿਚਰ ਰਿਹਾ ਸੀ।

ਉਸ ਨੂੰ ਤਾਂ ਇਹ ਵੀ ਪਤਾ ਨਹੀਂ ਸੀ
ਕਿ ਟ੍ਰੈਫਿਕ ਦੇ ਨਿਯਮਾਂ ਵਿਚ
ਕੀ ਕੀ ਤਬਦੀਲੀਆਂ ਹੋਈਆਂ ਹਨ
ਦੇਸ ਪ੍ਰਦੇਸ ਤੇ ਪੀਹੜੀਆਂ ਦੇ ਵਕਫ਼ੇ ਨੇ
ਪਹਿਲੇ ਸਭ ਕੁਝ 'ਤੇ ਸੁਹਾਗਾ ਫੇਰ ਦਿੱਤਾ ਸੀ।

ਦਿਸ਼ਾ-ਵਿਹੂਣਾ, ਜੰਗਾਲਿਆ ਇੰਜਣ
ਹੁਣ ਕਿਸੇ ਪਲ ਵੀ ਖੜ੍ਹ ਸਕਦਾ ਸੀ
ਉਸਨੇ ਜ਼ਿੰਦਗੀ ਦਾ ਫ਼ਲਸਫ਼ਾ ਪੜ੍ਹਿਆ ਹੋਇਆ ਸੀ

ਉਸਨੂੰ ਪੱਕਾ ਪਤਾ ਸੀ
ਕਿ ਖੜ੍ਹਨ ਦਾ ਪਲ, ਕਿਸੇ ਪਲ ਵੀ ਆ ਸਕਦਾ ਹੈ।
ਪਰ ਉਹ ਛੱਕ-ਛੱਕ ਕਰ ਰਿਹਾ ਸੀ
ਸ਼ਾਇਦ ਉਸਨੂੰ ਇਹ ਵੀ ਪਤਾ ਨਹੀਂ ਸੀ
ਕਿ ਇਹ ਉਸਦੀ ਆਖਰੀ ਛੱਕ-ਛੱਕ ਹੈ।

✵



## ਗ਼ਜ਼ਲ

ਸਾਨੂੰ ਆਉਂਦੇ ਜਾਂਦੇ ਦੱਸਿਓ ਪੰਜਾਬ ਵਾਲੀ ਗੱਲ।
ਮਾਝੇ, ਮਾਲਵੇ ਤੇ ਮਿੱਠੜੇ ਦੁਆਬ ਵਾਲੀ ਗੱਲ।

ਸਾਡਾ ਅੰਬਰਸਰ ਵੱਸੇ ਤੇ ਲਹੌਰ ਸੋਹਣਾ ਹੱਸੇ,
ਰਹੇ ਦਿਲਾਂ ਵਿਚ ਜਗਦੀ ਗੁਲਾਬ ਵਾਲੀ ਗੱਲ।

ਅਸੀਂ ਕਿਵੇਂ ਗਏ ਵੰਡੇ ਅਸੀਂ ਕਿਵੇਂ ਗਏ ਵੱਢੇ ?
ਆਓ ਰਲਮਿਲ ਸੋਚੀਏ ਹਿਸਾਬ ਵਾਲੀ ਗੱਲ।

ਕੇਹੀ ਚੰਦਰੀ ਸੰਤਾਲੀ ਵੱਜੀ ਦਿਲਾਂ 'ਚ ਦੁਨਾਲੀ,
ਰੁੜ੍ਹ ਰੇਤਿਆਂ 'ਚ ਰਾਵੀ ਤੇ ਚਨਾਬ ਵਾਲੀ ਗੱਲ।

ਸਾਨੂੰ ਬੜਾ ਰੋਣ ਆਵੇ ਜਦੋਂ ਝੂਣ ਕੇ ਜਗਾਵੇ,
ਆਵੇ ਯਾਦ ਜਦੋਂ ਟੁੱਟਗੀ ਰਬਾਬ ਵਾਲੀ ਗੱਲ।

ਨਾ ਕਬੀਰ ਸੰਦੀ ਸੁਣੀ ਨਾ ਹੀ ਨਾਨਕ ਦੇ ਬੋਲ,
ਸਾਡੇ ਮਨ ਹੀ ਮੰਨੀ ਝੂਠੇ ਖ਼ਾਬ ਵਾਲੀ ਗੱਲ।

ਛੱਡ ਦਿੱਤਾ ਫੇਰ ਦੇਸ ਲੱਥੇ ਆਣ ਪਰਦੇਸ,
ਤਾਂਹੀਏਂ ਪੀਲੇ ਭੂਕ ਹੋਏ ਹੋਈ ਦਾਬ ਵਾਲੀ ਗੱਲ।

ਅਸੀਂ ਕਿਵੇਂ ਭਲਾ ਜੀਂਦੇ ਇਹਨਾਂ ਮਾਰੂਥਲਾਂ ਵਿੱਚ ?
ਜੇ ਨਾ ਜ਼ਿੰਦਗੀ 'ਚ ਹੁੰਦੀ ਜੀ ਸ਼ਬਾਬ ਵਾਲੀ ਗੱਲ।

ਜਦੋਂ ਮਹਿਫ਼ਲੀਂ ਸੀ ਲੜੀ ਸਾਡੀ ਥੋਡੇ ਨਾਲ ਅੱਖ,
ਅਸੀਂ ਭੁੱਲੇ ਨਾ ਜੀ ਕਦੇ ਉਹ ਜਨਾਬ ਵਾਲੀ ਗੱਲ।

ਲੱਖ ਹੋਏ ਹਾਂ ਖਰਾਬ ਸੁਣੇ ਬੋਲ ਤੇ ਕੁ-ਬੋਲ,
ਸਾਡੇ ਨਾਲ ਨਾਲ ਤੁਰੀ ਜੀ ਸ਼ਰਾਬ ਵਾਲੀ ਗੱਲ।

ਲੋਕੀ ਚੰਗੇ ਹੋਣ ਲਈ ਨੇ ਮਖੌਟੇ ਲੱਖ ਪਾਉਂਦੇ,
ਅਸਾਂ ਕੋਠੇ ਚੜ੍ਹ ਦੱਸੀ—'ਹਾਂ ਖਰਾਬ' ਵਾਲੀ ਗੱਲ।

ਧੋਖਾ ਖ਼ੁਦ ਨੂੰ ਵੀ ਦੇਵੋਂ ਕਦੇ ਆਏ ਨਹੀਂ ਬਾਜ਼,
ਕੀਤੀ ਲੱਖ ਲੋਕਾਂ ਮੂੰਹ 'ਤੇ ਖਿਜ਼ਾਬ ਵਾਲੀ ਗੱਲ।

ਸੂਟ ਮੰਗਵਾਂ ਤੇ ਟਾਈ ਲੋਕ ਵੇਖਦੇ ਹੀ ਰਹਿਗੇ,
ਅਸਾਂ ਬੂਟ 'ਚ ਛੁਪਾਈ ਉਹ ਜੁਰਾਬ ਵਾਲੀ ਗੱਲ।

ਅਸੀਂ ਆਸਾਂ ਵਾਲੇ ਉੱਚੇ ਉੱਚੇ ਲਾਏ ਸੀ ਅੰਬਾਰ,
ਓਹੀਓ ਬਣ ਗਏ ਅਸਾਂ ਲਈ ਤਿਜਾਬ ਵਾਲੀ ਗੱਲ।

ਅਸੀਂ ਅੱਖਰਾਂ ਦੀ ਖੇਡ੍ਹ, ਖੇਡ੍ਹ ਖੇਡ੍ਹ ਵੀ ਨਾ ਹੰਭੇ,
ਸਾਥੋਂ ਮਸਾਂ ਤੋੜ ਚੜ੍ਹੀ ਜੀ ਕਿਤਾਬ ਵਾਲੀ ਗੱਲ।

ਅਸੀਂ ਨਿੱਕੇ ਨਿੱਕੇ ਕਿੰਨੇ ਕਾਹਲੇ ਕਦਮਾਂ ਨਾ' ਚੱਲੇ,
ਚੱਲੀ ਪੈਰਾਂ ਵਿਚੋਂ ਕਿਰ ਉਹ ਸ਼ਤਾਬ ਵਾਲੀ ਗੱਲ।

ਸਾਨੂੰ ਆਉਂਦੇ-ਜਾਂਦੇ ਦੱਸਿਓ ਪੰਜਾਬ ਵਾਲੀ ਗੱਲ,
ਰੰਗੀਂ ਵੱਸਦੇ ਤੇ ਹੱਸਦੇ ਗੁਲਾਬ ਵਾਲੀ ਗੱਲ।

✲



## ਆਥਣ

ਮੇਰੇ ਪਿਆਰੇ ਪਿੰਡ ਦੀ ਸੋਹਣੀ ਆਥਣ!
ਜ਼ਿੰਦਗੀ ਦੀ ਆਥਣ ਵਿਚ ਵੀ
ਮੇਰੇ ਦਿਲ ਦੇ ਓਨੀ ਹੀ ਕਰੀਬ ਹੈ
ਮੇਰੇ ਦਿਲ ਦੀ ਸਾਥਣ!!

ਜਦੋਂ ਗਾਈਆਂ ਵੱਗ 'ਚੋਂ ਮੁੜਦੀਆਂ
ਮੰਗਲ ਦੇ 'ਖਰਖਾਨੇ' ਦਾਤੀਆਂ ਦੇ ਦੰਦੇ ਨਿਕਲਦੇ
ਘਣ ਚਲਦੇ ਤੇ ਚਿੰਗਿਆੜੀਆਂ ਨਿਕਲਦੀਆਂ
ਆਖਰੀ ਪੀਹਣ ਕੱਢਦਾ ਰਤਨੇ ਕੀ ਆਟਾ-ਮਸ਼ੀਨ ਦਾ
ਘੁੱਗੂ ਡੁਬਕੂੰ ਡੁਬਕੂੰ ਕਰਦਾ ਸਾਹ ਵਰੋਲਦਾ
ਪਾਣੀ ਦੀ ਵਾਰੀ ਲਾ ਕੇ ਆਏ ਲਾਲਚੀ ਗੁਲਜ਼ਾਰੇ ਦੀ
ਟੋਕਾ ਮਸ਼ੀਨ ਚੰਦਕੁਰ ਦੀ ਜ਼ੁਬਾਨ ਵਾਂਗ ਟਰਕ ਟਰਕ ਕਰਦੀ
ਖੁਰਲੀਆਂ 'ਚ ਪੱਠੇ ਖਾਂਦੇ ਬਲਦਾਂ ਦੀਆਂ ਟੱਲੀਆਂ ਟੁਣਕਦੀਆਂ
ਮੱਝਾਂ ਦੀਆਂ ਧਾਰਾਂ ਬਾਲਟੀਆਂ ਵਿਚ ਖੜਕਦੀਆਂ
ਗੁਰਦੁਆਰੇ ਦਾ ਮੁਨਾਖਾ ਗਿਆਨੀ
ਰਹਿਰਾਸ ਦੀ ਅਰਦਾਸ ਮਗਰੋਂ ਲੰਬਾ ਜੈਕਾਰਾ ਛੱਡਦਾ
ਬੁੜ੍ਹੀਆਂ ਬਾਬਾ ਘੁਮੰਡੀ ਦੇ ਦੀਵਾ-ਬੱਤੀ ਕਰਦੀਆਂ
ਭਾੜਾ ਢੋਂਦੀਆਂ ਦਾਸ ਦੀਆਂ ਗਧੀਆਂ
ਜਗਰਾਵਾਂ ਤੋਂ ਪਿੰਡ ਪਰਤ ਆਉਂਦੀਆਂ
ਤੇ ਅਰਜਣ ਛਿੱਟੀਮਾਰ ਦੇ ਚੁਬਾਰੇ 'ਚ ਰਹਿੰਦਾ
ਟੀਰਾ ਗਰਾਮ-ਸੇਵਕ ਦਾਏ-ਵਹਿਣੀਵਾਲ ਦੇ
ਕਿਸੇ ਜੱਟ ਨੂੰ ਨਵੇਂ ਆਏ ਬੀ ਦਾ ਲਾਰਾ ਲਾ ਕੇ
ਘਰ ਦੀ ਕੱਢੀ ਦੇਸੀ ਦਾਰੂ ਦਾ ਰੱਜਿਆ
ਡੋਲਦੇ ਸਾਈਕਲ ਨਾਲ ਕੰਧਾਂ-ਚੌਂਕੜੀਆਂ 'ਚ ਵਜਦਾ ਆਉਂਦਾ
ਤੇ ਮ੍ਹਾਲੂ ਦੀ ਦੁਕਾਨ 'ਚ ਬਲਦੇ ਬੋਤਲੀ—ਦੀਵੇ ਦੇ ਮੱਧਮ ਚਾਨਣੇ
ਦਿਹਾੜੀ ਕਰਕੇ ਮੁੜਿਆ ਹਾਮਾ
ਦਿਹਾੜੀ ਦੇ ਅੱਧ-ਪਚੱਧ ਮਿਲੇ ਪੈਸਿਆਂ ਚੋਂ
ਨਸ਼ੇ-ਪੱਤੇ ਲਈ ਭਾਨ ਗਿਣਦਾ ਹੁੰਦਾ

ਤੇ ਫਿਰਨੀ ਉਤਲੇ ਠੇਕੇ ’ਤੇ
ਵਧਦੀ ਰੌਣਕ ਤੇ ਘਟਦੀ ਦਾਰੂ ਨੂੰ ਵੇਖਕੇ
ਕਾਕੇ ਕਰਿੰਦੇ ਹੋਰੀਂ ਪਿਛਲੇ ਅੰਦਰ ਪਾਣੀ ਦੇ ਟੀਕੇ ਲਾਉਂਦੇ
ਤੇ ਬੋੜੇ ਖੂਹ ਤੋਂ ਦੱਬਵੇਂ ਪੈਰੀਂ ਲੰਘਦੇ ਜਾਂਦੇ
ਨਿਆਣਿਆਂ ਮਗਰ ਜਦ ਜਮਾਲੇ ਦੇ ਕੁੱਤੇ ਚਾਣ-ਚੱਕ ਪੈਂਦੇ
ਤਾਂ ਨਿਆਣੇ ਸੈਹਿਆਂ ਵਾਂਗ ਭੱਜਦੇ
ਥੜ੍ਹੇ ’ਤੇ ਬੈਠੇ ਬੁੜ੍ਹੇ ਕੁੱਤਿਆਂ ਨੂੰ ਸੋਟੀਆਂ ਉਘਰਦੇ
ਤੇ ਜੁਆਕਾਂ ਨੂੰ ਗਾਲ੍ਹਾਂ ਕੱਢਦੇ ਘਰਾਂ ਨੂੰ ਤੁਰ ਪੈਂਦੇ
ਵਗ ਵਗ ਕੇ ਥੱਕੇ ਬਲਦ, ਤਾਸ਼ ਖੇਡ ਖੇਡ ਥੱਕੇ ਨਿਖੱਟੂ
ਕੰਮੀਂ-ਧੰਦੀਂ ਥੱਕੀਆਂ ਜਨਾਨੀਆਂ ਰੋਟੀ-ਟੁਕ ਵੱਲ ਵਧਦੇ
ਤਾਂ ਪਿੰਡ ਵਿਚ ਅਜੇ ਵੀ ਕੁਝ ਸ਼ਰਾਬੀ ਦੀਵੇ ਜਗਦੇ ਹੁੰਦੇ
ਮੰਜੇ ਕੋਠਿਆਂ ’ਤੇ ਚੜ੍ਹਨ ਲਗਦੇ
ਗਰਮੀ ’ਚ ਕੋਠੇ ’ਤੇ ਪਿਆ ਸੁੱਚਾ ਤਾਇਆ
ਖੱਦਰ ਦੇ ਭਿੱਜੇ ਡਵੱਟੇ ਦਾ ਏਅਰ-ਕੰਡੀਸ਼ਨ ਬਣਾਉਂਦਾ
ਤੇ ਫਿਰ ਵੀ ਸੰਤੀ ਤਾਈ ਪੈਨਸ਼ਨੀਏ ਤਾਏ ਨੂੰ ਪੱਖੀ ਦੀ ਝੱਲ ਮਾਰਦੀ
ਜਗੀਰਾ ਫ਼ੌਜੀ ਜਦੋਂ ਮੱਛਰਦਾਨੀ ਲਾਉਂਦਾ
ਤੇ ਮੁਖਤਿਆਰੋ ਦੁੱਧ ਦਾ ਗਿਲਾਸ ਲੈ ਕੇ ਮੱਛਰਦਾਨੀ ਵਿਚ ਵੜਦੀ
ਤਾਂ ਕੋਈ ਕੋਈ ਮੁਢੀਰੂ ਜਾਂ ਡੋਡੀ-ਦਾਣਾ ਪੈਂਦੇ ਜੁਆਕ
ਮੰਜਿਆਂ ’ਤੇ ਮੂਧੇ ਪਏ ਮੱਛਰਦਾਨੀ ਹਿੱਲਣ ਦੀ ਉਡੀਕ ਕਰਦੇ।
ਬਾਤਾਂ ਪੈਂਦੀਆਂ।
ਕਦੇ ਕਦੇ ਕੋਈ ਜਹਾਜ਼ ਨੀਵਾਂ ਲੰਘਦਾ ਤਾਂ ਇਕ ਦੂਸਰੇ ਨੂੰ ਜਗਾਉਂਦੇ
ਤੇ ਇੰਞ ਉਂਞ ਕਰਦਿਆਂ ਹੀ ਆਥਣ ਰਾਤ ’ਚ ਸਮਾਅ ਜਾਂਦੀ
ਤੇ ਸਾਰੇ ਸੌਂ ਜਾਂਦੇ।

✡



## ਮੁਹਾਰਾ

ਓਦੋਂ ਜਦੋਂ ਨਿੱਕੇ ਹੁੰਦੇ ਸਾਂ
ਲੋਕ ਖੇਤਾਂ ਵਿਚ ਮੱਕੀ ਦੇ ਮੁਹਾਰੇ ਬੰਨ੍ਹਦੇ ਸਨ
ਮੁਹਾਰੇ ਬਹੁਤ ਸੋਹਣੇ ਲਗਦੇ ਸਨ।
ਲਾਲ-ਪੀਲੇ ਦੋਧੇ ਉਹਨਾਂ ’ਚੋਂ ਝਾਕਦੇ ਸਨ
ਚਾਨਣੀ ਰਾਤ ’ਚ ਜਦੋਂ ਕਦੇ ਖੇਡਦੇ ਖੇਡਦੇ
ਖੇਤ ਚਲੇ ਜਾਂਦੇ ਤਾਂ ਮੁਹਾਰੇ ਹੋਰ ਵੀ ਸੁਹਣੇ ਲਗਦੇ ਸਨ।

ਹੁਣ ਦੂਰ ਰਹੇ ਬਚਪਨ ਤੇ ਦੂਰ ਰਹੇ ਵਤਨ ਤੋਂ
ਵਿੱਥ ’ਤੇ ਬੈਠੇ ਵਿਚਾਰਦੇ ਹਾਂ
ਤਾਂ ਮੁਹਾਰੇ ਯਾਦ ਆਉਂਦੇ ਹਨ
ਹਜ਼ਾਰ ਵਾਰ ਯਾਦ ਆਉਂਦੇ ਹਨ। ਬਾਰ ਬਾਰ ਯਾਦ ਆਉਂਦੇ ਹਨ।

ਮੁਹਾਰੇ ਬੱਝੇ ਹੋਏ ਹੁੰਦੇ ਸਨ
ਤਦੇ ਹੀ ਸੋਹਣੇ ਲਗਦੇ ਸਨ
ਘਰ ਵੀ ਮੁਹਾਰਿਆਂ ਵਾਂਗ ਬੱਝੇ ਹੋਣ ਤਦੇ ਹੀ ਸੋਂਹਦੇ ਹਨ।

ਹੁਣ ਪ੍ਰਦੇਸੀ-ਜੂਨ ਹੰਢਾਉਂਦੇ ਮੁਹਾਰੇ ਨੂੰ ਯਾਦ ਤਾਂ ਕਰੀਦਾ ਹੈ
ਪਰ ਪਤਾ ਹੈ ਮੁਹਾਰਾ ਹੁਣ ਨਜ਼ਰ ਨਹੀਂ ਆਵੇਗਾ
ਮੁਹਾਰੇ ਦੀ ਯਾਦ ਦਿਲ ’ਚ ਸੁਲਘੇਗੀ
ਤੇ ਮੁਹਾਰਾ ਦਿਲ ’ਚੋਂ ਦੀ ਗੁਜ਼ਰ ਜਾਏਗਾ।
ਦਿਲ ਨੂੰ ਹੌਲ ਜਿਹਾ ਪੈਂਦਾ ਹੈ
ਕਿ ਉਹ ਨਜ਼ਾਰਾ ਫਿਰ ਨਾ ਆਏਗਾ
ਅਸੀਂ ਪ੍ਰਦੇਸ ਕੀ ਆਏ
ਮੁਹਾਰਾ ਖਿੱਲਰ ਜੋ ਗਇਆ ਹੈ।
ਮੁਹਾਰਾ ਬਣ ਫਿਰ ਕਿੰਞ ਜਾਏਗਾ ?

ਓਦੋਂ ਤਾਂ ਬਾਹਰ ਦੇ ਏਨੇ ਚਾਅ ਚੜ੍ਹੇ ਸਨ
ਭੋਰਾ ਵੀ ਪਤਾ ਨਹੀਂ ਸੀ
ਕਿ ਭੈਣ ਭਰਾ ਵੀ ਪੰਛੀਆਂ ਵਾਂਗ ਖਿੰਡ-ਪੁੰਡ ਜਾਣਗੇ
ਤੇ ਪਿੰਡ ਵਾਲਾ ਰੌਣਕੀ–ਘਰ ਵੀ ਉੱਜੜ ਜਾਏਗਾ
ਕਿ ਇਹ ਕਾਰਾ ਹੋ ਜਾਏਗਾ
ਸਾਰਾ ਕੁਝ ਹੀ ਹੱਥਾਂ 'ਚੋਂ ਕਿਰ ਜਾਏਗਾ।
ਬੋਲੀ, ਸਭਿਆਚਾਰ ਬੱਚੇ
ਤੇ ਸਾਰਾ ਮੁਹਾਰਾ ਹੀ ਖਿੱਲਰ ਜਾਏਗਾ।

ਓਦੋਂ ਜਦੋਂ ਨਿੱਕੇ ਹੁੰਦੇ ਸਾਂ
ਲੋਕ ਖੇਤਾਂ ਵਿਚ ਮੱਕੀ ਦੇ ਮੁਹਾਰੇ ਬੰਨ੍ਹਦੇ ਸਨ
ਮੁਹਾਰੇ ਬਹੁਤ ਸੋਹਣੇ ਲਗਦੇ ਸਨ!
ਮੁਹਾਰੇ ਬਹੁਤ ਚੰਗੇ ਲਗਦੇ ਸਨ!!

*



## ਆਰਾਮ

ਬੜਾ ਹੀ ਦੁੱਖ ਜਰ ਲਿਆ ਹੈ
ਬੜਾ ਹੀ ਕੰਮ ਕਰ ਲਿਆ ਹੈ।
ਢਲ ਚੱਲੀ ਹੈ ਸ਼ਾਮ
ਮਨ ਜੀ ਕਰੀਏ ਹੁਣ ਆਰਾਮ!
ਕਿਸੇ ਮਖ ਫ਼ੌਜੀ ਜਿਓਂ ਵਿਸ਼ਰਾਮ!!

ਬਣਕੇ ਛੁਹਲਾ ਨਾਰਾ ਵਗਿਆ
ਕਿੰਞ ਤੂੰ ਜਿੰਦ ਘੁਮਾਈ।
ਪਰ ਰੋਹੀ ਦਿਆ ਮਿਰਗਾ ਤੇਰੇ
ਮਾਇਆ ਹੱਥ ਨਾ ਆਈ।
ਥਲਾਂ 'ਚ ਭੱਜਦਿਆਂ ਭੱਜਦਿਆਂ ਯਾਰਾ
ਭੱਜ ਨਾ ਸਕਿਆ ਨਾਮ।
ਮਨ ਜੀ..........................

ਗੁਜ਼ਰ ਗਏ ਦਿਨ ਸੋਨ-ਸੁਨਹਿਰੇ
ਗੁਜ਼ਰੇ ਨੈਣ-ਨਸ਼ੀਲੇ।
ਤੂੰ ਸੀ ਇਕ ਪ੍ਰਬੀਨ ਸਪੇਰਾ
ਸੱਪ ਸਿਰੇ ਦੇ ਕੀਲੇ।
ਚੱਲ ਗਏ ਤੇਰੀ ਬੀਨ ਦੇ ਜਾਦੂ
ਹੁਣ ਤੂੰ ਬੰਦਾ ਆਮ।
ਮਨ ਜੀ...........................

ਵੇਖ ਅਤੀਤ ਮੇਰਿਆ ਮਿੱਤਰਾ
ਪਿੱਛੇ ਮੋੜ ਮੁਹਾਰਾਂ।
ਮਾਂ-ਪਿਉ ਕਿੰਨੇ ਲਾਡ-ਲਡਾਏ
ਮੋਹ ਦਿੱਤਾ ਕਿੰਞ ਯਾਰਾਂ।
ਕੌਣ ਜੂਹਾਂ ਤੋਂ ਆਣ ਮੁਹੱਬਤਾਂ
ਕੀਤੇ ਤੈਂ ਪ੍ਰਣਾਮ।
ਮਨ ਜੀ..........................

ਅੰਦਰੋਂ ਰੋਇਆ ਮਗਰੋਂ ਹੱਸਿਆ
ਬੁੱਲ੍ਹੀਂ ਹਾਸ-ਦੰਦਾਸੇ।
ਦਿਲ ਵਿਚ ਕੰਡੇ ਫੁੱਲ ਬੁੱਲ੍ਹਾਂ ਤੇ
ਰੱਖ ਲਏ ਦੋਵੇਂ ਪਾਸੇ।
ਸਭਨਾਂ ਬੀਤੀ ਤੈਂ ਨਾਲ ਬੀਤੀ
ਨੰਗੇ ਅਸੀਂ ਹਮਾਮ।
ਮਨ ਜੀ......................

ਨਾ ਜਿੰਦ ਜਾਗੀ ਨਾਹੀ ਕੱਤਿਆ
ਸੁੱਤਿਆਂ ਰੈਣ ਵਿਹਾਈ।
ਟੱਲੀਆਂ ਬਾਗਾਂ ਵਾਜੇ ਕੂਕਣ
ਤੈਨੂੰ ਜਾਗ ਨਾ ਆਈ।
ਐ ਬੰਦੇ! ਨਾ ਬੰਦਾ ਬਣਿਆ
ਕੀਤਾ ਜਨਮ ਹਰਾਮ।
ਮਨ ਜੀ........................

ਮਨਾ ਮੂਰਖਾ! ਬਹਿ ਸੰਗ ਮੇਰੇ
ਬਹਿ ਕੇ ਲੱਖਣ ਲਾਈਏ।
ਗਿਆ ਜਨਮ ਇਹ ਭੰਗ ਦੇ ਭਾਣੇ
ਅੰਦਰ ਤੋਂ ਪਛਤਾਈਏ।
ਏਨੀ ਹੋਈ ਹੋਰ ਕੀ ਹੋਣੀ ?
ਟੁੱਟ ਗਏ ਬੰਨ੍ਹ ਤਮਾਮ।
ਮਨ ਜੀ........................

ਇੱਕੋ ਪ੍ਰਸ਼ਨ ਸਿਰੇ ਮੰਡਰਾਉਂਦਾ
ਜਦ ਹੈਂ ਉਤੇ ਜਾਣਾ।
ਲੇਖਾ ਰੱਬ ਮੰਗੇਸੀ ਭਾਈ
ਪੱਲੇ ਇਕ ਨਾ ਦਾਣਾ।
ਏਸ ਜਨਮ ਦੀ ਕੀ ਕੀ ਕਹੀਏ ?
ਹੋਏ ਹਾਂ ਨਾਕਾਮ।
ਮਨ ਜੀ........................



ਇਕ ਗੱਲ ਪੁੱਛੀਏ ਜਾਂਦੇ ਜਾਂਦੇ
ਪੁੱਛੀਏ ਦਾਨਿਆਂ ਤਾਈਂ।
ਕਰਨ ਜੀਵ ਜੋ ਉਹਨਾਂ ਭਾਵੇ
ਜਾਂ ਜੋ ਕਰਤੇ ਭਾਈ।
ਐਸੇ ਪ੍ਰਸ਼ਨ ਨੂੰ ਕਿਹੜਾ ਬੁੱਝੇ ?
ਬੁੱਝੇ ਆਮ ਨਾ ਚਾਮ।
ਮਨ ਜੀ........................

ਬੜਾ ਹੀ ਦੁੱਖ ਜਰ ਲਿਆ ਹੈ
ਬੜਾ ਹੀ ਕੰਮ ਕਰ ਲਿਆ ਹੈ।
ਢਲ ਚੱਲੀ ਹੈ ਸ਼ਾਮ
ਮਨ ਜੀ ਕਰੀਏ ਹੁਣ ਆਰਾਮ!
ਕਿਸੇ ਮਖ ਫ਼ੌਜੀ ਜਿਓਂ ਵਿਸ਼ਰਾਮ!!